
# Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 4 : # ਅੰਕ 13 | 12/05/2025 | www.samajweekly.com | samajweekly | @samajweekly | samajweekly

# ਪੰਜਾਬ ਵਿਚ ਬਲੈਕਆਊਟ ਜਾਰੀ ਰਹੇਗਾ– ਸੀਐਮ ਮਾਨ

**ਚੰਡੀਗੜ੍ਹ।** ਨੰਗਲ ਡੈਮ ਪਹੁੰਚੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਜੇਕਰ ਬੀਬੀਐਮਬੀ ਦੇ ਅਧਿਕਾਰੀ ਭਵਿੱਖ ਵਿਚ ਇਥੇ ਆ ਕੇ ਧੱਕੇ ਨਾਲ ਪਾਣੀ ਛੱਡਣ ਦੀ ਕੋਸ਼ਿਸ਼ ਕਰਨਗੇ ਤਾਂ ਉਹ ਕਿਸੇ ਤਰ੍ਹਾਂ ਦੇ ਨੁਕਸਾਨ ਲਈ ਖ਼ੁਦ ਜ਼ਿੰਮੇਵਾਰ ਹੋਣਗੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇਥੋਂ ਦੇ ਹਾਲਾਤ ਵਿਗੜਦੇ ਹਨ ਤਾਂ ਬੀਬੀਐਮਬੀ ਦੇ ਅਧਿਕਾਰੀ ਤੇ ਭਾਜਪਾ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਕੋਲ ਫ਼ਾਲਤੂ ਪਾਣੀ ਨਹੀਂ ਹੈ, ਇਸ ਲਈ ਕਿਸੇ ਨੂੰ ਵਾਧੂ ਪਾਣੀ ਨਹੀਂ ਦਿੱਤਾ ਜਾ ਸਕਦਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਪਹਿਲਾਂ ਪਾਣੀ ਦੇ ਚੱਕਰ ਵਿਚ ਬੀਬੀਐਮਬੀ ਦੇ ਅਧਿਕਾਰੀ 21 ਮਈ ਨੂੰ ਵੰਡੇ ਜਾਣ ਵਾਲੇ ਪਾਣੀ ਸਬੰਧੀ ਮੀਟਿੰਗ ਬੁਲਾਉਣੀ ਹੀ ਭੁਲ ਗਏ ਹਨ। ਜਦਕਿ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਬੀਬੀਐਮਬੀ ਦੇ ਅਧਿਕਾਰੀਆਂ ਨੂੰ ਚਿੱਠੀ ਲਿਖ ਕੇ ਯਾਦ ਕਰਵਾਇਆ ਹੈ। ਕਿਸਾਨਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਕਿਸਾਨਾਂ ਲਈ



ਪਾਣੀ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਕਿਸੇ ਇਕ ਕਿਸਾਨ ਦਾ ਪਾਣੀ ਬਚਾਉਣ ਨੂੰ ਲੈ ਕੇ ਬਿਆਨ ਨਹੀਂ ਆਇਆ। ਕੀ ਗੱਲ ਇਕੱਲੇ ਧਰਨੇ ਹੀ ਲਾਉਣੇ ਆਉਂਦੇ। ਇਥੇ ਆ ਕੇ ਧਰਨਾ ਲਗਾਓ। ਇਥੇ ਨਹੀਂ ਉਹ ਧਰਨਾ ਲਗਾ ਸਕਦੇ ਕਿਉਂਕਿ ਇਥੇ ਏਸੀ ਵਾਲੀਆਂ ਟਰਾਲੀਆਂ ਨਹੀਂ ਹਨ। ਕੋਈ ਨਹੀਂ ਅਸੀਂ ਇਕੱਲੇ ਲੜ ਲਵਾਂਗੇ। ਦੇਸ਼ ਦੀ ਮੌਜੂਦਾ ਸਥਿਤੀ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਪਾਕਿਸਤਾਨ 'ਤੇ ਵਿਸ਼ਵਾਸ਼ ਨਹੀਂ ਹੈ ਕਿ ਉਹ ਕਿੰਨਾ ਸਮਾਂ ਜੰਗਬੰਦੀ ਦੇ ਫ਼ੈਸਲੇ 'ਤੇ ਕਾਇਮ ਰਹੇਗਾ। ਇਸ ਲਈ ਪੰਜਾਬ ਵਿਚ ਬਲੈਕਆਊਟ ਤੇ ਮੌਕ ਡਰਿੱਲਾਂ ਜਾਰੀ ਰਹਿਣਗੀਆਂ। ਇਸ ਨਾਲ ਸਰਹੱਦ ਤੇ ਸਥਿਤੀ ਇੰਨ-ਬਿੰਨ ਬਣੀ ਰਹੇਗੀ। ਮੌਜੂਦਾ ਸਥਿਤੀ ਵਿਚ ਕੇਂਦਰ ਤੋਂ ਕਿਸੇ ਵਿਸ਼ੇਸ਼ ਪੈਕਜ ਦੀ ਮੰਗ ਤੇ ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਕੇਂਦਰ ਤੋਂ ਕੋਈ ਵਿਸ਼ੇਸ਼ ਨਹੀਂ ਮੰਗ ਰਹੇ ਬਲਕਿ ਦੇਸ਼ ਹਿੱਤ ਲਈ ਅਸੀਂ ਫ਼ੌਜ ਦੇ ਨਾਲ ਖੜ੍ਹੇ ਹਾਂ। ਪਿਛਲੇ ਦਿਨੀਂ ਫ਼ੌਜ ਨੇ ਰਾਜਸਥਾਨ ਤੋਂ ਪਾਣੀ ਮੰਗਿਆ ਸੀ ਤੇ ਰਾਜਸਥਾਨ ਨੇ ਉਹੀ ਮੰਗ ਸਾਡੇ ਅੱਗੇ ਰੱਖੀ ਤਾਂ ਅਸੀਂ ਉਸੇ ਵੇਲੇ ਵਾਧੂ ਪਾਣੀ ਰਾਜਸਥਾਨ ਨੂੰ ਛੱਡ ਦਿੱਤਾ ਕਿਉਂਕਿ ਗੰਗਾਨਗਰ ਤੇ ਬੀਕਾਨੇਰ ਵਿਚ ਤਾਇਨਾਤ ਫ਼ੌਜ ਨੂੰ ਪਾਣੀ ਦੀ ਲੋੜ ਸੀ।

# ਸ਼ੇਖ ਹਸੀਨਾ ਦੀ ਅਵਾਮੀ ਲੀਗ ਪਾਰਟੀ ’ਤੇ ਲੱਗੀ ਪਾਬੰਦੀ



**ਨਵੀਂ ਦਿਲੀ।** ਬੰਗਲਾਦੇਸ਼ ਵਿਚ ਰਾਜਨੀਤਕ ਸੰਕਟ ਅਤੇ ਵਧਦੇ ਤਣਾਅ ਵਿਚਕਾਰ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਇਕ ਵੱਡਾ ਕਦਮ ਚੁੱਕਿਆ ਅਤੇ ਅਤਿਵਾਦ ਵਿਰੋਧੀ ਕਾਨੂੰਨ ਤਹਿਤ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਪਾਰਟੀ ਅਵਾਮੀ ਲੀਗ ’ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ। ਇਹ ਫ਼ੈਸਲਾ ਮੁੱਖ ਸਲਾਹਕਾਰ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਨੇ ਲਿਆ ਸੀ। ਸਰਕਾਰ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਪਾਬੰਦੀ ਦੇਸ਼ ਦੀ ਸੁਰੱਖਿਆ ਅਤੇ ਪ੍ਰਭੂਸੱਤਾ ਦੀ ਰਖਿਆ ਦੇ ਹਿੱਤ ਵਿਚ ਲਗਾਈ ਗਈ ਹੈ ਅਤੇ ਇਹ ਉਦੋਂ ਤਕ ਲਾਗੂ ਰਹੇਗੀ ਜਦੋਂ ਤਕ ਅਵਾਮੀ ਲੀਗ ਅਤੇ ਇਸ ਦੇ ਨੇਤਾਵਾਂ ਵਿਰੁਧ ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਵਿਚ ਚੱਲ ਰਿਹਾ ਮੁਕੱਦਮਾ ਪੂਰਾ ਨਹੀਂ ਹੋ ਜਾਂਦਾ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਅਧਿਕਾਰਤ ਗਜ਼ਟ ਨੋਟੀਫ਼ਿਕੇਸ਼ਨ ਅਗਲੇ ਕੰਮਕਾਜੀ ਦਿਨ ਜਾਰੀ ਕੀਤਾ ਜਾਵੇਗਾ। ਇਸ ਫੈਸਲੇ ਨੂੰ ਸਲਾਹਕਾਰ ਪ੍ਰੀਸ਼ਦ (ਕੈਬਨਿਟ) ਦੀ ਮੀਟਿੰਗ ਵਿਚ ਪ੍ਰਵਾਨਗੀ ਦਿਤੀ ਗਈ।

# ਪੰਜਾਬ ‘ਆਊਟ’: ਨੰਗਲ ਡੈਮ ਦੇ ਗੇਟ ਕਿਸੇ ਵੇਲੇ ਵੀ ਖੁੱਲ੍ਹਣੇ ਸੰਭਵ!



**ਚੰਡੀਗੜ੍ਹ।** ਹਰਿਆਣਾ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਨੂੰ 4500 ਕਿਊਸਿਕ ਵਾਧੂ ਪਾਣੀ ਦੇਣ ਲਈ ਇਨਡੈਂਟ ਦੇ ਦਿੱਤਾ ਹੈ ਅਤੇ ਹੁਣ ਨੰਗਲ ਡੈਮ ਤੋਂ ਗੇਟ ਖੋਲ੍ਹੇ ਜਾਣੇ ਬਾਕੀ ਹਨ। ਬੀਬੀਐੱਮਬੀ ਨੇ ਸਮੁੱਚੀ ਤਸਵੀਰ ’ਚੋਂ ਪੰਜਾਬ ਨੂੰ ਪੂਰੀ ਤਰ੍ਹਾਂ ਆਊਟ ਕਰ ਦਿੱਤਾ ਹੈ। ਹਰਿਆਣਾ ਦੇ ਐਕਸੀਅਨ ਨੇ 4500 ਕਿਊਸਿਕ ਵਾਧੂ ਪਾਣੀ ਦੇਣ ਲਈ ਇਨਡੈਂਟ ਬੀਬੀਐੱਮਬੀ ਦੇ ਨਵੇਂ ਲਾਏ ਡਾਇਰੈਕਟਰ (ਵਾਟਰ ਰੈਗੂਲੇਸ਼ਨ) ਸੰਜੀਵ ਕੁਮਾਰ (ਜੋ ਹਰਿਆਣਾ ਦੇ ਹਨ) ਨੂੰ ਦੇ ਦਿੱਤਾ ਹੈ। ਬੀਬੀਐੱਮਬੀ ਨੇ ਪੰਜਾਬ ਦੇ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਲਾਂਭੇ ਕਰ ਦਿੱਤਾ ਹੈ। ਨੰਗਲ ਡੈਮ ਦੇ ਗੇਟ ਖੋਲ੍ਹਣ ਦੀ ਜ਼ਿੰਮੇਵਾਰੀ ਹੁਣ ਹਿਮਾਚਲ ਪ੍ਰਦੇਸ਼ ਦੇ ਐਕਸੀਅਨ ਕੋਲ ਹੈ। ਨੰਗਲ ਡੈਮ ਤੋਂ ਵਾਧੂ ਪਾਣੀ ਛੱਡਣ ਲਈ ਤਕਨੀਕੀ ਪ੍ਰਕਿਰਿਆ ਮੁਕੰਮਲ ਹੋ ਗਈ ਹੈ ਅਤੇ ਹੁਣ ਕਿਸੇ ਵੇਲੇ ਵੀ ਡੈਮ ਦੇ ਗੇਟ ਖੁੱਲ੍ਹਣੇ ਸੰਭਵ ਹਨ। ਇਸੇ ਦੌਰਾਨ ਪਤਾ ਲੱਗਿਆ ਹੈ ਕਿ ਥੋੜ੍ਹੀ ਦੇਰ ’ਚ ਮੁੱਖ ਮੰਤਰੀ ਭਗਵੰਤ ਮਾਨ ਨੰਗਲ ਡੈਮ ’ਤੇ ਪੁੱਜ ਰਹੇ ਹਨ ਜਦੋਂ ਕਿ ਇਸ ਵੇਲੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ‘ਆਪ’ ਵਰਕਰਾਂ ਨੇ ਡੈਮ ’ਤੇ ਧਰਨਾ ਲਗਾ ਦਿੱਤਾ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪਹਿਲਾਂ ਹੀ ਅਦਾਲਤੀ ਮਾਣਹਾਨੀ ਦੇ ਮਾਮਲੇ ’ਚ ਮੁੱਖ ਸਕੱਤਰ ਅਤੇ ਡੀਜੀਪੀ ਨੂੰ ਨੋਟਿਸ ਦੇ ਕੇ ਨੰਗਲ ਡੈਮ ਦੇ ਗੇਟ ਖੋਲ੍ਹਣ ਵਿੱਚ ਅੜਿੱਕਾ ਬਣਨ ਵਾਲੇ ਅਧਿਕਾਰੀਆਂ ਦੇ ਨਾਮ ਦੱਸਣ ਲਈ ਆਖਿਆ ਹੈ। ਹੁਣ ਮਾਮਲਾ ਸਿਆਸੀ ਰੰਗਤ ਲੈ ਗਿਆ ਹੈ।

# ਜ਼ੀਰਕਪੁਰ ’ਚ ਫੜਿਆ ਗਿਆ ‘ਨਕਲੀ ਫ਼ੌਜੀ’, ਹਵਾਈ ਫ਼ੌਜ ਅਧਿਕਾਰੀ ਵਰਗੀ ਪੁਸ਼ਾਕ ਪਾ ਕੇ ਘੁੰਮ ਰਿਹਾ ਸੀ ਪ੍ਰਭਾਤ ਰੋਡ ’ਤੇ



**ਜ਼ੀਰਕਪੁਰ।** ਜ਼ੀਰਕਪੁਰ ਦੇ ਪ੍ਰਭਾਤ ਰੋਡ ’ਤੇ ਇੱਕ ਨੌਜਵਾਨ ਹਵਾਈ ਫ਼ੌਜ ਦੀ ਵਰਦੀ ਪਾਈ ਫੜਿਆ ਗਿਆ ਹੈ। ਨੌਜਵਾਨ ਹਵਾਈ ਫ਼ੌਜ ਅਧਿਕਾਰੀ ਵਰਗੀ ਪੁਸ਼ਾਕ ਪਾ ਕੇ ਘੁੰਮ ਰਿਹਾ ਸੀ। ਜਦੋਂ ਲੋਕਾਂ ਨੂੰ ਨੌਜਵਾਨ 'ਤੇ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਉਸਨੂੰ ਫੜ ਲਿਆ ਅਤੇ ਹਵਾਈ ਸੈਨਾ ਦੀ ਟੀਮ ਅਤੇ ਪੁਲਿਸ ਨੂੰ ਬੁਲਾਇਆ। ਹਾਲਾਂਕਿ ਉਸ ਦੇ ਹੱਥਾਂ 'ਤੇ ਨਿਸ਼ਾਨ ਦਰਸਾਉਂਦੇ ਹਨ ਕਿ ਨੌਜਵਾਨ ਬਹੁਤ ਜ਼ਿਆਦਾ ਨਸ਼ੇ ਵਿੱਚ ਸੀ। ਉਸ ਇਲਾਕੇ ਤੋਂ ਥੋੜ੍ਹੀ ਦੂਰੀ 'ਤੇ ਇੱਕ ਏਅਰ ਫੋਰਸ ਸਟੇਸ਼ਨ ਅਤੇ ਏਅਰ ਫੋਰਸ ਇਲਾਕਾ ਹੈ ਜਿੱਥੇ ਉਸਨੂੰ ਫੜਿਆ ਗਿਆ ਸੀ। ਇਹ ਸ਼ੱਕੀ ਨੌਜਵਾਨ ਕਿਸੇ ਵੀ ਤਰ੍ਹਾਂ ਦਾ ਜਵਾਬ ਨਹੀਂ ਦੇ ਰਿਹਾ ਹੈ। ਫਿਲਹਾਲ ਹਵਾਈ ਸੈਨਾ ਦੇ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ ਹਨ ਅਤੇ ਪੁਲਿਸ ਵੀ ਉੱਥੇ ਪਹੁੰਚ ਰਹੀ ਹੈ। ਕਿਉਂਕਿ ਇਸ ਸਮੇਂ, ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅਪੂਰਨ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਬਹੁਤ ਜ਼ਿਆਦਾ ਸਖ਼ਤੀ ਕੀਤੀ ਗਈ ਹੈ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਨਵੇਂ ਪੋਪ ਵੱਲੋਂ ਯੂਕਰੇਨ ਵਿੱਚ ਸ਼ਾਂਤੀ ਤੇ ਗਾਜ਼ਾ ’ਚ ਗੋਲੀਬੰਦੀ ਦੀ ਅਪੀਲ; ਭਾਰਤ-ਪਾਕਿ ਜੰਗਬੰਦੀ ਦਾ ਸਵਾਗਤ

**ਵੈਟੀਕਨ ਸਿਟੀ।** ਪੋਪ ਲਿਓ 14 ਨੇ ਪੋਪ ਵਜੋਂ ਆਪਣੇ ਪਹਿਲੇ ਐਤਵਾਰ ਦੇ ਸੰਬੋਧਨ ਵਿਚ ਕਿਹਾ ਕਿ ਇਸ ਵੇਲੇ ਹੋਰ ਜੰਗ ਨਹੀਂ ਚਾਹੀਦੀ। ਉਨ੍ਹਾਂ ਵਿਸ਼ਵ ਦੀਆਂ ਪ੍ਰਮੁੱਖ ਸ਼ਕਤੀਆਂ ਨੂੰ ਅਪੀਲ ਕਰਦਿਆਂ ਯੂਕਰੇਨ ਵਿੱਚ ਸ਼ਾਂਤੀ, ਗਾਜ਼ਾ ਵਿੱਚ ਗੋਲੀਬੰਦੀ ਅਤੇ ਸਾਰੇ ਇਜ਼ਰਾਈਲੀ ਬੰਧਕਾਂ ਦੀ ਰਿਹਾਈ ਦੀ ਮੰਗ ਕੀਤੀ। ਲਿਓ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਹੋਈ ਜੰਗਬੰਦੀ ਦਾ ਵੀ ਸਵਾਗਤ ਕਰਦਿਆਂ ਕਿਹਾ ਕਿ ਉਹ ਦੁਨੀਆ ਨੂੰ ਸ਼ਾਂਤੀ ਪ੍ਰਦਾਨ ਕਰਨ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰ ਰਹੇ ਹਨ। ਪੋਪ ਨੇ ਮਰਹੂਮ ਪੋਪ ਫਰਾਂਸਿਸ ਦੇ ‘ਹੋਰ ਜੰਗ



ਨਹੀਂ’ ਦੇ ਸੱਦੇ ਨੂੰ ਦੁਹਰਾਇਆ। ਲਿਓ ਨੇ ਕਿਹਾ ਕਿ ਉਨ੍ਹਾਂ ਦਾ ਰੂਸ-ਯੂਕਰੇਨ ਜੰਗ ਕਾਰਨ ਦਿਲ ਦੁਖ ਰਿਹਾ ਹੈ। ਉਹ ਗਾਜ਼ਾ ਵਿੱਚ ਸ਼ਾਂਤੀ ਚਾਹੁੰਦੇ ਹਨ। ਉਨ੍ਹਾਂ ਆਪਣੇ ਸੰਦੇਸ਼ ਵਿਚ ‘ਮਾਂ ਦਿਵਸ’ ਦੀ ਵਧਾਈ ਦਿੱਤੀ। ਇਸ ਤੋਂ ਪਹਿਲਾਂ ਸੇਂਟ ਪੀਟਰਜ਼



ਬੇਸਿਲਿਕਾ ਦੀਆਂ ਜਦੋਂ ਘੰਟੀਆਂ ਵੱਜੀਆਂ ਤਾਂ ਉਥੇ ਜੁੜੇ ਹੋਏ ਲੋਕਾਂ ਨੇ ਤਾੜੀਆਂ ਨਾਲ ਪੋਪ ਦਾ ਸਵਾਗਤ ਕੀਤਾ। ਇਸ ਤੋਂ ਬਾਅਦ ਪੋਪ ਨੇ ਸ਼ਾਂਤੀ ਦਾ ਸੰਦੇਸ਼ ਵੀ ਦਿੱਤਾ। ਜ਼ਿਕਰਯੋਗ ਹੈ ਕਿ ਕਾਰਡੀਨਲ ਰੌਬਰਟ ਪ੍ਰੀਵੋਸਟ ਕੈਥੋਲਿਕ ਚਰਚ ਦੇ ਦੋ ਹਜ਼ਾਰ ਸਾਲ ਦੇ ਇਤਿਹਾਸ ’ਚ ਪਹਿਲੇ ਅਮਰੀਕੀ ਪੋਪ ਚੁਣੇ ਗਏ ਹਨ। 69 ਸਾਲ ਪ੍ਰੀਵੋਸਟ ਨੇ ਨਵਾਂ ਨਾਂ ਲਿਓ-14 ਅਪਣਾਇਆ ਹੈ। ਪ੍ਰੀਵੋਸਟ ਨੇ ਆਪਣਾ ਕਰੀਅਰ ਪੇਰੂ ’ਚ ਸੇਵਾ ਕਰਦਿਆਂ ਬਿਤਾਇਆ ਅਤੇ ਉਨ੍ਹਾਂ ਵੈਟੀਕਨ ਦੇ ਬਿਸ਼ਪ ਦੇ ਸ਼ਕਤੀਸ਼ਾਲੀ ਦਫ਼ਤਰ ਦੀ ਅਗਵਾਈ ਵੀ ਕੀਤੀ।

## ਸ੍ਰੀਲੰਕਾ ਵਿਚ ਬੱਸ ਖੱਡ ’ਚ ਡਿੱਗਣ ਨਾਲ 21 ਮੌਤਾਂ, 30 ਤੋਂ ਵੱਧ ਜ਼ਖ਼ਮੀ



**ਕੋਲੰਬੋ।** ਸ੍ਰੀਲੰਕਾ ਦੇ ਕੇਂਦਰੀ ਸੂਬੇ ਦੇ ਕੋਟਮਾਲੇ ਖੇਤਰ ਵਿੱਚ ਐਤਵਾਰ ਨੂੰ ਬੱਸ ਦੇ ਖੱਡ ਵਿੱਚ ਡਿੱਗਣ ਕਰਕੇ ਘੱਟੋ-ਘੱਟ 21 ਲੋਕਾਂ ਦੀ ਮੌਤ ਹੋ ਗਈ ਜਦੋਂਕਿ 30 ਹੋਰ ਜ਼ਖਮੀ ਦੱਸੇ ਜਾਂਦੇ ਹਨ। ਪੁਲੀਸ ਮੁਤਾਬਕ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਬੱਸ ਡਰਾਈਵਰ ਨੇ ਪਹਾੜੀ ਸੜਕ ’ਤੇ ਖੱਬੇ ਮੁੜਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਬੱਸ ਬੇਕਾਬੂ ਹੋ ਗਈ ਤੇ ਕਰੀਬ 100 ਮੀਟਰ ਡੂੰਘੀ ਖਾਈ ਵਿੱਚ ਡਿੱਗ ਗਈ।

ਸਰਕਾਰੀ ਬੱਸ ਵਿਚ 75 ਯਾਤਰੀ ਸਵਾਰ ਸਨ, ਜੋ ਦੱਖਣੀ ਤੀਰਥ ਸਥਾਨ ਉੱਤਰ ਪੱਛਮੀ ਕਸਬੇ ਵੱਲ ਜਾ ਰਹੇ ਸਨ। ਆਵਾਜਾਈ ਤੇ ਹਾਈਵੇਜ਼ ਬਾਰੇ ਰਾਜ ਮੰਤਰੀ ਪ੍ਰਸੰਨਾ ਗੁਨਾਸੇਨਾ ਨੇ ਕਿਹਾ ਕਿ ਹਾਦਸੇ ਵਿਚ 21 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 30 ਤੋਂ ਵੱਧ ਮੁਸਾਫ਼ਰ ਜ਼ਖ਼ਮੀ ਦੱਸੇ ਜਾਂਦੇ ਹਨ। ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।



# ਗੁਰੂ ਸਾਹਿਬ ਨੇ "ਧਰਮ ਦੀ ਆਜ਼ਾਦੀ" ਨੂੰ ਬਚਾਉਣ ਲਈ ਆਪਣਾ ਸੀਸ ਭੇਟ ਕੀਤਾ, ਪੜਚੋਲ ਕਰੀਏ ਕਿ "ਧਰਮ" "ਰਾਜਨੀਤੀ" ਦੇ ਕੁੰਡੇ ਹੇਠ ਤਾਂ ਨਹੀਂ ਫਸ ਗਿਆ ?- ਸੰਤ ਅਮੀਰ ਸਿੰਘ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਜਵੱਦੀ ਟਕਸਾਲ ਵੱਲੋਂ ਕਰਵਾਈ ਕਾਨਫਰੰਸ ਦੇ ਅੰਤਲੇ ਦਿਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ਼ ਵੰਸ਼ ਵਿੱਚੋਂ ਬਾਬਾ ਸਰਬਜੋਤ ਸਿੰਘ ਬੇਦੀ, ਵਾਤਾਵਰਨ ਪ੍ਰੇਮੀ ਅਤੇ ਵਕਤ ਦੀਆਂ ਚਣੌਤੀਆਂ ਨੂੰ ਸਮਝ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਵਕਤ ਨੂੰ ਘੇਰਨ ਵਾਲੇ ਸੰਤ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ, ਵਿਦਵਾਨ ਸੰਤ ਪ੍ਰਚਾਰਕ ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਪੰਥਕ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਆਦਿ ਨੇ ਜਵੱਦੀ ਟਕਸਾਲ ਵੱਲੋਂ ਉਲੀਕੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਅਜੋਕੇ ਹਾਲਾਤਾਂ ਦੀ ਫ਼ਿਕਰਮੰਦੀ ਨੂੰ ਸਾਂਝਾ ਕਰਦਿਆਂ ਕਿਹਾ ਕਿ ਨਵੀਂ ਪੀੜੀ ਵਿੱਚ ਮੂਲ ਗ੍ਰੰਥਾਂ ਨੂੰ ਪੜ੍ਹਨ ਦੀ ਘਟਦੀ ਜਾ ਰਹੀ ਰੁਚੀ ਚਿੰਤਾ ਦਾ ਵਿਸ਼ਾ ਹੈ। ਜਿਸ ਨਾਲ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਨੇ। ਇੰਟਰਨੈਟ ਤੇ ਬਹੁਤਾ ਸਮਾਂ ਕੰਮ ਕਰਨ ਵਾਲੇ ਆਪਣੇ ਧਰਮ ਅਤੇ ਵਿਰਾਸਤ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਇਲੈਕਟਰੋਨਿਕਸ ਮੀਡੀਆ ਰਾਹੀਂ ਲੱਭਣ ਲਈ ਯਤਨਸ਼ੀਲ ਰਹਿੰਦੇ ਹਨ। ਜਦਕਿ ਸ਼ੋਸ਼ਲ ਮੀਡੀਏ ਰਾਹੀਂ ਉਹੀ ਜਾਣਕਾਰੀ ਸਾਹਮਣੇ ਆਉਂਦੀ ਹੈ, ਜਿਹੜੀ ਕਿਸੇ ਨੇ ਇਸ ਵਿੱਚ ਦਰਜ ਕੀਤੀ ਹੋਵੇ। ਜੇਕਰ ਕੋਈ ਜਾਣਕਾਰੀ ਧਰਮ ਦੇ ਮਾਪ ਦੰਡਾਂ ਜਾਂ ਗੁਰਮਤਿ ਸਿਧਾਂਤਾਂ ਦੇ ਅਨੁਸਾਰ ਨਹੀਂ ਤਾਂ ਉਹ ਗਲਤ ਰੂਪ ਵਿੱਚ ਲੋਕ ਮਨਾਂ ਵਿੱਚ ਪੱਕੀ ਹੋ ਜਾਂਦੀ ਹੈ ਅਤੇ ਮਨ ਵਿੱਚ ਪੱਕ ਗਏ ਵਿਚਾਰਾਂ ਨੂੰ ਦਰੁਸਤ ਕਰਨ ਲਈ ਕਈ ਵਾਰੀ ਅਸੰਭਵ ਵੀ ਹੋ ਜਾਂਦਾ ਹੈ। ਇਸ ਲਈ ਸਾਡੀਆਂ ਧਾਰਮਿਕ ਸੰਸਥਾਵਾਂ ਨੂੰ ਜਵੱਦੀ ਟਕਸਾਲ ਵਾਂਗੂੰ ਵਕਤ ਦੀਆਂ ਚਣੌਤੀਆਂ ਦੇ ਮੱਦੇਨਜ਼ਰ ਕਾਰਜ਼ਸ਼ੀਲ ਰਹਿਣ ਅਤੇ ਮੀਡੀਏ ਅਤੇ ਸੋਸ਼ਲ ਮੀਡੀਏ ਤੇ ਅਜਿਹੀ ਜਾਣਕਾਰੀ ਪਾਉਣ ਲਈ ਵਧੇਰੇ ਲੋੜ ਹੈ। ਜਿਹੜੀ ਗੁਰਮਤਿ ਸਿਧਾਂਤਾਂ ਦੇ ਅਨੁਸਾਰ ਅਨੁਕੂਲ ਹੋਵੇ। ਸਿੱਖ ਸੰਸਥਾਵਾਂ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇ ਕੇ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਵਿਚਲੇ ਪ੍ਰਮਾਣਕ ਤੱਥਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ ਦੇ ਪ੍ਰਵਾਰ ਵਿੱਚੋਂ ਭਾਈ ਚਰਨਜੀਤ ਸਿੰਘ ਬਿਲਾਸਪੁਰ ਅਤੇ ਡਾ: ਜਗਮੋ-ਹਣ ਸਿੰਘ ਗਿੱਲ ਕੋਲਕਾਤਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ 1975 'ਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਤਾਬਦੀ ਪੂਰਬੀ ਭਾਰਤ 'ਚ ਬਹੁਤ ਵੱਡੇ ਪੱਧਰ ਤੇ ਮਨਾਈ ਗਈ। ਹਰ ਸੂਬੇ 'ਚ ਪੈਂਦੇ ਗੁਰਧਾਮਾਂ ਵਿੱਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਵਿਸ਼ੇਸ਼ ਰਾਗੀ, ਢਾਡੀ ਤੇ ਪ੍ਰਚਾਰਕ ਪੁੱਜੇ। ਉਥੇ ਵੀ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਹੋਇਆ, ਜਿੱਥੇ ਬਹੁਤੀ ਸਿੱਖ ਸੰਗਤ ਮੌਜੂਦ ਨਹੀਂ। ਪਰ, ਸਥਾਨਕ ਲੋਕਾਂ ਦੇ ਮਨਾਂ ਵਿੱਚ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਪ੍ਰਤੀ ਚੇਤਨਾ ਪੈਦਾ ਕੀਤੀ ਗਈ। ਮੌਜੂਦਾ ਸਮੇਂ ਬਹੁਤ ਸਾਰੇ ਬੱਚੇ ਪੜ੍ਹ-ਲਿਖ ਗਏ ਹਨ, ਪਰ ਉਹ ਗੁਰਮੁਖੀ ਨਹੀਂ ਜਾਣਦੇ। ਉਹਨਾਂ ਲਈ ਸਥਾਨਕ ਭਾਸ਼ਾਵਾਂ ਵਿੱਚ ਅਜਿਹਾ ਸਾਹਿਤ ਪੈਦਾ ਕਰਨ ਦੀ ਲੋੜ ਹੈ ਜਿਸ ਵਿੱਚੋਂ ਗੁਰੂ ਸਾਹਿਬ ਦੇ ਜੀਵਨ ਅਤੇ ਬਾਣੀ ਸੰਬੰਧੀ ਜਾਣਕਾਰੀ ਪੈਦਾ ਹੋ ਸਕੇ।



ਭਾਈ ਬਲਦੀਪ ਸਿੰਘ ਜੀ ਦਾ ਸਨਮਾਨ ਕਰਦੇ ਹੋਏ ਸੰਤ ਅਮੀਰ ਸਿੰਘ, ਬਾਬਾ ਸਰਬਜੋਤ ਸਿੰਘ ਬੇਦੀ, ਗਿ. ਬਲਜੀਤ ਸਿੰਘ, ਗਿ. ਪਿੰਦਰਪਾਲ ਸਿੰਘ, ਸੰਤ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ, ਬਾਬਾ ਗੁਰਮਤਿ ਸਿੰਘ ਖੋਸਾ ਕੋਟਲਾ ਅਤੇ ਆਦਿ।

ਉੱਘੇ ਸਿੱਖ ਚਿੰਤਕ ਸ੍ਰ: ਰਣਜੋਧ ਸਿੰਘ ਨੇ ਕਿਹਾ ਕਿ ਧਰਮ ਦੇ ਪ੍ਰਚਾਰ ਪਸਾਰ ਲਈ ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜਵੱਦੀ ਟਕਸਾਲ ਦੀ ਸਿਰਜਣਾ ਕਰਕੇ ਸੰਪਰਦਾਇ ਅਤੇ ਵਿਦਵਾਨਾਂ ਵਿਚਲੇ ਪੁੱਲ ਦਾ ਸਬੱਬ ਬਣਾਇਆ। ਡਾ: ਸ਼੍ਰੀ ਕੁਲਦੀਪ ਅਗਨੀਹੋਤਰੀ ਸੈਂਟਰ ਯੂਨੀਵਰਸਿਟੀ ਧਰਮਸ਼ਾਲਾ, ਡਾ: ਅਨੁਰਾਗ ਸਿੰਘ, ਡਾ: ਸਹਿਜਪਾਲ ਸਿੰਘ, ਡਾ: ਗੁਰਪਾਲ ਸਿੰਘ ਸੰਧੂ ਪੰਜਾਬ ਯੂਨੀਵਰਸਿਟੀ, ਡਾ: ਸ਼ਤੀਸ਼ ਕੁਮਾਰ ਸ਼ਰਮਾ ਡੀ ਏ ਵੀ ਕਾਲਜ, ਡਾ: ਅੰਜੂ ਸੂਰੀ ਪੰਜਾਬ ਯੂਨਵਰਸਿਟੀ, ਪ੍ਰਿੰ: ਡਾ: ਬਲਜੀਤ ਸਿੰਘ ਗਿੱਲ, ਡਾ: ਰਾਜਿੰਦਰ ਕੌਰ, ਡਾ: ਭਗਵਾਨ ਸਿੰਘ, ਡਾ: ਜਗਦੀਪ ਕੌਰ, ਡਾ: ਗੁਰਤੇਜ ਸਿੰਘ ਠੀਕਰੀਵਾਲਾ, ਡਾ: ਰਵੇਲ ਸਿੰਘ ਦਿੱਲੀ ਯੂਨੀਵਰਸਿਟੀ, ਡਾ: ਬਹਾਦਰ ਸਿੰਘ ਪੰਜਾਬ ਯੂਨੀਵਰਸਿਟੀ, ਸਕਾਲਰ ਡਾ: ਅਮਰਜੀਤ ਕੌਰ, ਡਾ: ਗੁਰਦੀਪ ਕੌਰ, ਪ੍ਰੋ: ਆਸਾ ਸਿੰਘ ਘੁੰਮਣ, ਖੋਜੀ ਭਗਵਾਨ ਸਿੰਘ ਢਿੱਲੋਂ, ਡਾ: ਮਨਦੀਪ, ਡਾ: ਬਾਲ ਬਹਾਦਰ ਸਿੰਘ, ਡਾ: ਇੰਦਰਜੀਤ ਕੌਰ, ਡਾ: ਵਰਿੰਦਰ ਸਿੰਘ, ਪ੍ਰੋ: ਸਰਬਜੀਤ ਕੌਰ ਸੰਧਾਵਾਲੀਆ ਆਦਿ ਵਿਦਵਾਨਾਂ ਨੇ ਅਜੋਕੇ ਦੌਰ 'ਚ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਦਰਸ਼ਾਂ ਦਾ ਧਿਆਨ ਰੱਖਣ ਦੀ ਲੋੜ ਤੇ ਜ਼ੋਰ ਦਿੱਤਾ, ਜਿਨ੍ਹਾਂ ਦੀ ਸਥਾਪਤੀ ਲਈ ਉਨ੍ਹਾਂ ਲੰਮੀਆਂ ਯਾਤਰਾਵਾਂ ਕੀਤੀਆਂ ਅਤੇ ਅਖੀਰ ਆਪਣੀ ਸ਼ਹਾਦਤ ਦਿੱਤੀ। ਉਨ੍ਹਾਂ ਹਰ ਹੀਲਾ ਵਰਤਣ ਤੇ ਜ਼ੋਰ ਦਿੱਤਾ ਜਿਹੜਾ ਸਮਾਜ ਵਿੱਚ ਸ਼ਾਂਤੀ ਦੀ ਸਥਾਪਨਾ ਕਰਨ ਲਈ ਲਾਹੇਵੰਦ ਹੋਵੇ। ਕਾਨਫਰੰਸ ਦੇ ਮੁੱਖ ਪ੍ਰਬੰਧਕ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਸੰਕੋਚਵੇਂ ਸ਼ਬਦਾਂ 'ਚ ਹਲੂਣਾ ਦਿੰਦੇ ਬੋਲਾਂ ਨਾਲ ਸਪੱਸ਼ਟਤਾ ਨਾਲ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ "ਹਿੰਦ ਦੀ ਚਾਦਰ", "ਸ੍ਰਿਸ਼ਟੀ ਦੀ ਚਾਦਰ" ਅਤੇ "ਧਰਮ ਦੀ ਚਾਦਰ" ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਦਰ-ਅਸਲ ਗੁਰੂ ਸਾਹਿਬ ਜੀ ਨੇ "ਧਰਮ ਦੀ ਆਜ਼ਾਦੀ" ਨੂੰ ਬਚਾਉਣ ਲਈ ਆਪਣਾ ਸੀਸ ਭੇਟ ਕੀਤਾ। ਜਿਸ ਦਾ ਸਪੱਸ਼ਟ ਭਾਵ ਹੈ ਕਿ ਹਰ ਮਨੁੱਖ ਆਪਣੇ ਧਰਮ ਦੀਆਂ ਕਦਰਾਂ ਕੀਮਤਾਂ ਅਨੁਸਾਰ ਆਪਣਾ ਜੀਵਨ ਬਸਰ ਕਰੇ। ਹੁਣ, ਅਸੀਂ ਵੀ ਦ੍ਰਿੜਤਾ ਨਾਲ ਆਪਣੇ ਧਰਮ ਵੱਲ ਨਿਗ੍ਹਾ ਮਾਰੀਏ, ਪੜਚੋਲ ਕਰੀਏ ਕਿ ਸਾਡੇ 'ਚੋਂ ਕੋਈ ਸਿੱਖੀ ਤੋਂ ਦੂਰ ਤਾਂ ਨਹੀਂ ਜਾ ਰਿਹਾ ? ਨਸ਼ਿਆਂ ਦੀ ਦਲਦਲ 'ਚ ਤਾਂ ਨਹੀਂ ਫਸ ਰਹੇ ? ਮਾਦਾ ਭਰੂਣ ਹੱਤਿਆ ਦੀ ਭਾਵਨਾ ਤਾਂ ਪੈਦਾ ਨਹੀਂ ਹੋ ਰਹੀ ? "ਧਰਮ" "ਰਾਜਨੀਤੀ" ਦੇ ਕੁੰਡੇ ਹੇਠ ਤਾਂ ਨਹੀਂ ਫਸ ਗਿਆ ? ਅਸੀਂ ਸਿੱਖੀ ਨੂੰ ਕਿਸੇ ਰਾਜਸੀ ਧੜ੍ਹੇ ਦੇ ਅਹੁਦਿਆਂ/ਰੁਤਬਿਆਂ ਤੱਕ ਹੀ ਤਾਂ ਨਹੀਂ ਸਿਮਟਦੇ ਜਾ ਰਹੇ ? ਸਿੱਖੀ ਦੀ ਜੜ੍ਹ "ਨਿਮਰਤਾ ਅਤੇ ਸੇਵਾ" ਦੇ ਆਧਾਰ ਤੇ ਕਾਰਜ ਕਰਨ ਵਿੱਚ ਅਸੀਂ ਕਿੰਨੇ 'ਕੁ ਸਫਲ ਹੋਏ ਹਾਂ ? ਆਪਣੇ ਆਪ 'ਚ ਕੀਤਾ ਗਿਆ ਵਿਸ਼ਲੇਸ਼ਣ ਹੀ ਸ਼੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਉਣ ਦੇ ਸਫਲ ਯਤਨ ਹੋਣਗੇ। ਡਾ: ਸੁਖਪਾਲ ਕੌਰ ਨੇ ਸਮੁੱਚੀ ਕਾਨਫਰੰਸ ਦੀ ਰਿਪੋਰਟ ਪੜ੍ਹੀ।

# ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਐਮਰਜੈਂਸੀ ਹਾਲਾਤਾਂ ਵਿੱਚ ਖੂਨਦਾਨ ਕੈਂਪ ਲਾਇਆ

**● ਦੋ ਦੇਸ਼ਾਂ ਦੀ ਜੰਗੀ ਹਾਲਾਤਾਂ ਦੇ ਚੱਲਦਿਆਂ ਸਿੱਖ ਪ੍ਰਚਾਰਕ ਮਖੂ ਨੇ 40 ਸਾਥੀਆਂ ਸਮੇਤ ਖੂਨਦਾਨ ਕੀਤਾ ● ਖੂਨ ਦਾ ਕੋਈ ਧਰਮ ਨਹੀਂ ਹੁੰਦਾ, ਖੂਨ ਸਾਰੇ ਧਰਮਾਂ ਦਾ ਇੱਕੋ ਹੁੰਦਾ ਹੈ- ਜਥੇ: ਨਿਮਾਣਾ, ਮਖੂ**

**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਦੇਸ਼ ਲਈ ਜੰਗ ਲੜ ਰਹੇ ਯੋਧੇ, ਸੂਰਮੇ, ਅਸਲੀ ਹੀਰੋ, ਬਹਾਦਰ ਫ਼ੌਜੀ ਅਤੇ ਲੋੜਵੰਦ ਮਰੀਜ਼ਾਂ ਲਈ ਮਨੁੱਖਤਾ ਦੇ ਭਲੇ ਲਈ ਐਮਰਜੈਂਸੀ ਹਾਲਾਤਾਂ ਵਿੱਚ ਮਨੁੱਖੀ ਕਾਰਜਾਂ ਨੂੰ ਸਮਰਪਿਤ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 802ਵਾਂ ਮਹਾਨ ਖੂਨਦਾਨ ਕੈਂਪ ਬੀ ਟੀ ਓ ਡਾ: ਆਯੂਸ਼ ਬਿਡਲਾਨ ਦੀ ਟੀਮ ਦੇ ਸਹਿਯੋਗ ਨਾਲ ਸਿਵਲ ਹਸਪਤਾਲ਼ ਦੇ ਬਲੱਡ ਬੈਂਕ ਵਿੱਚ ਲਗਾਇਆ ਗਿਆ। ਇਸ ਮੌਕੇ ਮਹਾਨ ਖੂਨਦਾਨ ਕੈਂਪ ਮੁੱਖ ਮਹਿਮਾਨ ਪ੍ਰਸਿੱਧ ਸਿੱਖ ਪ੍ਰਚਾਰਕ ਹਰਪ੍ਰੀਤ ਸਿੰਘ ਮਖੂ ਨੇ ਦੋ ਦੇਸ਼ਾਂ ਦੇ ਵਿਚਕਾਰ ਜੰਗੀ ਹਾਲਾਤ ਦੇ ਚੱਲਦਿਆਂ ਹਸਪਤਾਲਾਂ ਵਿੱਚ ਖੂਨ ਦੀ ਕਮੀ ਨੂੰ ਵੇਖਦਿਆਂ ਪ੍ਰਸਿੱਧ ਸਿੱਖ ਪ੍ਰਚਾਰਕ ਹਰਪ੍ਰੀਤ ਸਿੰਘ ਮਖੂ ਮੈਦਾਨ ਵਿੱਚ ਉਤਰੇ ਤੇ ਆਪਣੇ 40 ਸਾਥੀਆਂ ਸਮੇਤ ਉਹਨਾਂ ਨੇ ਖੂਨ-ਦਾਨ ਕੀਤਾ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਹਰਪ੍ਰੀਤ ਸਿੰਘ ਮੱਖੂ ਨੇ ਸਾਂਝੇ ਰੂਪ ਵਿੱਚ ਬਿਆਨ ਦਿੰਦਿਆਂ ਇਹ ਗੱਲ ਕਹੀ ਕਿ ਇਹ ਵਕਤ ਹੈ ਲੋਕਾਂ ਦੇ ਨਾਲ ਖੜਨ ਦਾ, ਭੁੱਖੇ ਨੂੰ ਰੋਟੀ ਪੁੱਛੀ ਜਾਂਦੀ ਉਸ ਦਾ ਧਰਮ ਨਹੀਂ ਪੁੱਛਿਆ ਜਾਂਦਾ ਅਤੇ ਖੂਨ ਦਾ ਕੋਈ ਵੀ ਧਰਮ ਨਹੀਂ ਹੁੰਦਾ। ਖੂਨ ਸਾਰੇ ਧਰਮਾਂ ਦਾ ਇੱਕੋ ਹੁੰਦਾ ਹੈ। ਇਸ ਤੋਂ ਵੱਡਾ ਸਾਂਝੀਵਾਲਤਾ ਦਾ ਇਹੋ ਜਿਹੇ ਸਮੇਂ ਦੇ ਵਿੱਚ ਕੋਈ ਹੋਰ ਪੈਗਾਮ ਨਹੀਂ ਹੋ ਸਕਦਾ। ਇਸ ਸਮੇਂ ਦੌਰਾਨ ਬੀ.ਟੀ.ਓ ਡਾ: ਆਯੂਸ਼ ਬਿਡਲਾਨ ਅਤੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਖ਼ੂਨਦਾਨ ਕਰਨ ਵਾਲੇ ਯੌਧੇ ਸੂਰਮਿਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਭਾਈ ਹਰਪਾਲ ਸਿੰਘ ਨਿਮਾਣਾ, ਬਲਦੇਵ ਸਿੰਘ ਸੰਧੂ, ਅਮਰਜੀਤ ਸਿੰਘ ਭੱਟੀ, ਅਮਰਜੀਤ ਸਿੰਘ ਸ਼ਾਂਟੂ, ਰਾਜਦੀਪ ਸਿੰਘ ਸ਼ੰਟੀ, ਦਵਿੰਦਰ ਸਿੰਘ ਆਸ਼ੂ, ਚਰਨਜੀਤ ਸਿੰਘ ਚੰਨੀ, ਤਰਸੇਮ ਸਿੰਘ, ਹਰਪਾਲ ਸਿੰਘ, ਸਰਬਜੀਤ ਸਿੰਘ ਸੋਹਲ ਹਾਜ਼ਰ ਸਨ ।



ਨੋਟ ਤਸਵੀਰ ਵਿਚ ਪ੍ਰਸਿੱਧ ਸਿੱਖ ਪ੍ਰਚਾਰਕ ਹਰਪ੍ਰੀਤ ਸਿੰਘ ਮਖੂ ਖੂਨਦਾਨ ਕਰਦੇ ਹੋਏ ਨਾਲ ਡਾ: ਆਯੂਸ਼ ਬਿਡਲਾਨ, ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਹੋਰ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮੇਲਾ ਐਡੀਲੇਡ ਦਾ ਵਿੱਚ ਵਾੱਲੀਬਾਲ ਦੇ ਮੈਚਾਂ ਕਰਕੇ ਭਾਰੀ ਰੌਣਕਾਂ ਲੱਗੀਆਂ ਚੋਟੀ ਦੇ ਮੁਕਾਬਲੇ-ਖਿਡਾਰੀਆਂ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ



**ਮੇਲਾ ਐਡੀਲੇਡ ਦਾ ਵਿੱਚ ਵਾੱਲੀਬਾਲ ਦੇ ਮੈਚ ਚ ਪਹਿਲੇ ਤੇ ਦੂਜੇ ਨੰਬਰ ਤੇ ਰਹਿਣ ਵਾਲੀਆਂ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ।**

**ਐਡੀਲੇਡ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** 11 ਮਈ ਮੇਲਾ ਐਡੀਲੇਡ ਦਾ ਐਲਿਸ ਪਾਰਕ (ਪਾਰਕ 24) ਵੈਸਟ ਟੈਰਸ ਚ ਇੰਡੀਅਨ ਆਸਟਰੇਲੀਅਨ ਮੀਡੀਆ ਆਫ਼ ਸਾਊਥ ਆਸਟ੍ਰੇਲੀਆ ਵੱਲੋਂ ਸਭਨਾਂ ਦੇ ਸਹਿਯੋਗ ਨਾਲ ਮਨਾਇਆ ਜੋ ਯਾਦਗਾਰੀ ਹੋ ਨਿਬੜਿਆ ਜਿਸ ਦਾ ਸਭਨਾਂ ਨੇ ਖੂਬ ਆਨੰਦ ਮਾਣਿਆ।ਦੂਰ ਦੁਰੇਡਿਓਂ ਵੱਡੀ ਗਿਣਤੀ ਚ ਸ਼ਿਰਕਤ ਕਰਨ ਲਈ ਸੰਗਤਾਂ ਪਹੁੰਚੀਆਂ।ਮੇਲਾ ਐਡੀਲੇਡ ਦਾ ਵਿੱਚ ਵਾੱਲੀਬਾਲ ਦੇ ਮੈਚ ਇੱਕ ਵੱਖਰੀ ਯਾਦ ਛੱਡਦੇ ਹੋਏ ਖਤਮ ਹੋਏ। ਮੈਚਾ ਵਿੱਚ ਵੱਖ ਵੱਖ ਟੀਮਾਂ ਨੇ ਹਿੱਸਾ ਲਿਆ ਤੇ ਖਿਡਾਰੀਆਂ ਨੇ ਖੇਡ ਦਾ ਇੰਨਾਂ ਵਧੀਆ ਪ੍ਰਦਰਸ਼ਨ ਕੀਤਾ ਕਿ ਰੌਚਿਕ ਖੇਡ ਨੂੰ ਵੱਡੀ ਗਿਣਤੀ ਚ ਦਰਸ਼ਕ ਗਰਾਊਂਡ ਦੇ ਚਾਰੇ ਪਾਸੇ ਇਕੱਠੇ ਹੋ ਕੇ ਮੈਚ ਨੂੰ ਲੰਬੇ ਸਮੇਂ ਤੱਕ ਵੇਖਦੇ ਰਹੇ। ਫੁੱਟਬਾਲ ਜ਼ਮੀਨ ਤੇ ਘੱਟ ਬਲਕਿ ਅਸਮਾਨ ਦੀਆਂ ਹਵਾਵਾਂ ਨੂੰ ਛੂਹਦਾ ਜਿਆਦਾ ਨਜ਼ਰ ਆਉਂਦਾ ਸੀ।ਪ੍ਰਬੰਧਕਾਂ ਨਾਲ ਗੱਲ-ਬਾਤ ਕਰਦਿਆਂ ਉਹਨਾਂ ਦੱਸਿਆ ਕਿ ਖੇਡਾਂ ਮੇਲੇ ਦੀ ਸ਼ਾਨ ਰਹੀਆਂ, ਅਤੇ ਸਾਰਿਆਂ ਨੇ ਅਪਨੀ ਜਿੰਮੇਵਾਰੀ ਸੱਮਝਦਿਆਂ ਖੇਡਾਂ ਨੂੰ ਬਹੁਤ ਸੁਚੱਜੇ ਢੰਗ ਨਾਲ ਨਿਭਾਇਆ ਅਤੇ ਆਉਣ ਵਾਲੇ ਹਰ ਮੇਲੇ ਵਿੱਚ ਇਹ ਖੇਡਾਂ ਮੇਲੇ ਦੀ ਸ਼ਾਨ ਬਣਦੀਆਂ ਰਹਿਣਗੀਆਂ।ਵਾਲੀਬਾਲ ਦੇ ਮੈਚਾਂ ਵਿੱਚ ਵਾਲੀਬਾਲ ਦੇ ਖਿਡਾਰੀਆਂ ਦਾ ਮੁਕਾਬਲੇ ਸਮੇਂ ਜੋਸ਼ ਵੇਖਿਆਂ ਨਜ਼ਰ ਆਉਂਦਾ ਸੀ।ਵੋਲੀਬਾਲ ਦੇ ਖਿਡਾਰੀਆਂ ਵਿਚ ਛੇ ਟੀਮਾ ਨੇ ਭਾਗ ਲਿਆ ਤੇ ਟੀਮਾ ਦੇ ਫਸਵੇਂ ਰੌਚਿਕ ਮੈਚ ਹੋਏ ਐਡੀਲੇਡ ਆਜ਼ਾਦ ਕਲੱਬ ਦੀ ਟੀਮ ਨੇ ਜੇਤੂ ਕੱਪ ਆਪਣੀ ਟੀਮ ਦੇ ਨਾਮ ਦਰਜ਼ ਕੀਤਾ ਦੂਸਰੇ ਨੰਬਰ ਤੇ ਐਡੀਲੇਡ ਸਕਾਈਰ ਦੇ ਟੀਮ ਰਹੀ।ਪ੍ਰਬੰਧਕਾਂ ਤੇ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਪਹਿਲੇ ਤੇ ਦੂਜੇ ਨੰਬਰ ਤੇ ਰਹਿਣ ਵਾਲੀਆਂ ਟੀਮਾਂ ਨੂੰ ਨਗਦ ਪੁਰਸਕਾਰ ਦੇ ਨਾਲ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ।

for more news visit:
www.samajweekly.com

# ਸਰਕਾਰਾਂ ਦੀਆਂ ਗਲਤੀਆਂ ਕਾਰਨ ਬੁੱਢਾ ਦਰਿਆ ਨਾਲਾ ਬਣ ਕੇ ਰਹਿ ਗਿਆ: ਸੀਚੇਵਾਲ



**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਅੱਜ ਸੰਤ ਬਲਵੀਰ ਸਿੰਘ ਸੀਚੇਵਾਲ ਬੁੱਢੇ ਦਰਿਆ ਤੇ ਕੱਕੇ ਪਿੰਡ ਕੋਲ ਬਣੇ ਘਾਟ ਦੇ ਸੰਬੰਧ ਵਿੱਚ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ ਕਿ ਸਰਕਾਰਾਂ ਦੀਆਂ ਗਲਤੀਆਂ ਕਾਰਨ ਬੁੱਢਾ ਦਰਿਆ ਇੱਕ ਨਾਲਾ ਬਣ ਕੇ ਰਹਿ ਗਿਆ ਹੈ। ਸੰਤ ਸੀਚੇਵਾਲ ਨੇ ਪੰਚਾਇਤਾਂ ਨੂੰ ਕਿਹਾ ਇੱਕ ਵਾਰ ਅਸੀ ਪਾਣੀ ਸਾਫ਼ ਕਰ ਦਿੱਤਾ ਹੈ। ਤੁਸੀਂ ਜ਼ਿੰਮੇਵਾਰੀ ਚੁੱਕੋ ਕਿ ਅੱਗੇ ਤੋਂ ਅਸੀਂ ਡੈਰੀ ਵਾਲਿਆਂ ਨੂੰ ਗੋਬਰ ਅਤੇ ਕੱਪੜੇ ਰੰਗਣ ਵਾਲੀਆਂ ਫੈਕਟਰੀਆਂ ਨੂੰ ਸੁਆਹ ਨਹੀਂ ਸੁੱਟਣ ਦੇਵਾਂਗੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਹ ਗੱਲ ਕਹੀ । ਇਸ ਮੌਕੇ ਪੰਚਾਇਤ ਮੈਂਬਰ ਪਰਮਿੰਦਰ ਕੌਰ, ਚੇਅਰਮੈਨ ਡਾ.ਅੰਮ੍ਰਿਤਪਾਲ ਸਿੰਘ, ਸਾਬਕਾ ਸਰਪੰਚ ਬਲਜੀਤ ਸਿੰਘ ਗਿੱਲ ਭਾਮੀਆ ਖੁਰਦ, ਹਰਵਿੰਦਰ ਸਿੰਘ ਜੀ.ਕੇ. ਮੌਜੂਦ ਸਨ ।

# ਕੁਲਥਮ ਵੈਲਫੇਅਰ ਸੋਸਾਇਟੀ KWS ਦੀ ਟੀਮ ਵਲੋਂ ਲੋੜਵੰਦ ਧੀ ਦੇ ਇਲਾਜ ਵਾਸਤੇ ਪੰਜ ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ - ਕੁਲਥਮ

### ਪਿੰਡ ਕੁਲਥਮ ਵਿੱਚ ਨੌਜਵਾਨ ਸਾਥੀਆਂ ਵਲੋਂ ਪਿੰਡ ਕੁਲਥਮ ਦੇ ਭਲਾਈ ਕਾਰਜਾਂ ਅਤੇ ਸਮਾਜਿਕ ਕਾਰਜਾਂ ਲਈ ਬਣਾਈ



**ਬੰਗਾ (ਚਰਨਜੀਤ ਸੱਲ੍ਹਾਂ )** ਸੰਸਥਾ ਕੁਲਥਮ ਵੈਲਫੇਅਰ ਸੁਸਾਇਟੀ KWS ਦੇ ਬੈਨਰ ਹੇਠ ਪਿੰਡ ਦੀ ਇਕ ਲੋੜਵੰਦ ਧੀ ਦੇ ਇਲਾਜ ਵਾਸਤੇ ਪੰਜ ਹਜ਼ਾਰ ਦੀ ਰਾਸ਼ੀ ਕਮਲਜੀਤ ਕੌਰ ਨੂੰ ਸੌਂਪੀ ਗਈ
ਔਰ ਪਰਿਵਾਰ ਨੇ KWS ਦੀ ਸਮੁੱਚੀ ਟੀਮ ਦੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਇਸ ਮੌਕੇ ਡਾ.ਸੋਨੂੰ ਨਰ (ਪ੍ਰਧਾਨ) ,ਸਤਨਾਮ ਸਿੰਘ ਅਟਵਾਲ (ਵਾਇਸ ਪ੍ਰਧਾਨ) ਕੋਮਲ ਕੁਮਾਰ (ਖਜਾਨਚੀ), ਦੀਪਕ ਅਟਵਾਲ (ਉਪ ਖਜਾਨਚੀ), ਕੁਲਵੰਤ ਕੁਮਾਰ (ਜਨਰਲ ਸਕੱਤਰ), ਕੁਲਦੀਪ ਕੁਮਾਰ (ਜਨਰਲ ਸਕੱਤਰ) , ਗੌਰਵ ਕੁਮਾਰ (ਪ੍ਰੋਜੈਕਟ ਕੋਆਰਡੀਨੇਟਰ) , ਸੋਨੂੰ ਚੁੰਬਰ(ਮੀਡੀਆ ਅਧਿਕਾਰੀ) , ਮੁਕੇਸ਼ ਕੁਮਾਰ (ਸਕੱਤਰ), ਹਰਜੋਤ, ਹੈਰੀ (ਸਲਾਹਕਾਰ), ਰੋਹਿਤ ਕੁਮਾਰ (ਸਕੱਤਰ), ਲਵਪ੍ਰੀ (ਸਕੱਤਰ), ਗਗਨ ਕੁਲਥਮ, ਲੇਖ ਰਾਜ ਕੁਲਥਮ, ਅਮਨ ਕੁਲਥਮ,ਪਰਦੀਪ ਕੁਮਾਰ, ਰਾਕੇਸ਼ ਕੁਮਾਰ ਕੁਲਥਮ (ਸੰਸਥਾਪਕ) ਹਾਜਰ ਸਨ।

# ਸਰਵਹਿਤਕਾਰੀ ਵਿੱਦਿਆ ਮੰਦਿਰ ਹਾਈ ਸਕੂਲ ਛੋਕਰਾਂ ਚ ਲਵਲੀ ਪ੍ਰੋਫੇਸ਼ਨਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਲੋਂ ਵਾਤਾਵਰਣ ਨਾਲ ਸਬੰਧਤ ਲਗਾਇਆ ਗਿਆ ਇਕ ਰੋਜ਼ਾ ਕੈਂਪ







**ਫਿਲੌਰ/ਅੱਪਰਾ (ਦੀਪਾ)**-ਅੱਜ ਸ਼੍ਰੀ ਈਲਮ ਚੰਦ ਸਰਵਹਿੱਤਕਾਰੀ ਵਿਦਿਆ ਮੰਦਰ ਛੋਕਰਾਂ ਵਿੱਚ ਲਵਲੀ ਪ੍ਰੋਫੇਸ਼ਨਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਲੋਂ ਵਾਤਾਵਰਨ ਨਾਲ ਸਬੰਧਿਤ ਆਰਟ ਐਂਡ ਕ੍ਰਾਫਟ ਦਾ ਇਕ ਰੋਜ਼ਾ ਸੈਮੀਨਾਰ ਲਗਾਇਆ ਗਿਆ । ਪ੍ਰੋਗਰਾਮ ਦਾ ਆਰੰਭ ਦੀਪ ਜੋਤੀ ਮੰਤਰ ਦੇ ਨਾਲ ਕੀਤਾ ਗਿਆ। ਜਾਣਕਾਰੀ ਦਿੰਦੇ ਸਕੂਲ ਮੁਖੀ ਸ਼੍ਰੀ ਗੁਰਜੀਤ ਸਿੰਘ ਨੇ ਦਸਿਆ ਕਿ ਇਸ ਤਰਾਂ ਦੇ ਪ੍ਰੋਗਰਾਮ ਦਾ ਮੁੱਖ ਟੀਚਾ ਬੱਚਿਆਂ ਨੂੰ ਵਾਤਾਵਰਨ ਨਾਲ ਜੋੜਨਾ ਅਤੇ ਉਹਨਾਂ ਦਾ ਸਰਵਪੱਖੀ ਵਿਕਾਸ ਕਰਨਾ ਹੈ । ਇਸ ਸੈਮੀਨਾਰ ਵਿੱਚ ਬਚਿਆ ਨੂੰ ਪਲਾਸਟਿਕ ਬੋਤਲ ਤੋਂ ਵੱਖ ਵੱਖ ਸਜਾਵਟੀ ਵਸਤਾਂ , ਕੰਧ ਤੇ ਚਿੱਤਰ ਬਣਾਉਣਾ , ਗੀਤ , ਨਚਣਾ , ਚਿੱਤਰਕਲਾ ਆਦਿ ਕਈ ਪ੍ਰਕਾਰ ਦੇ ਹੋਰ ਵੀ ਮੁਕਲਬੇ ਕਰਵਾਏ ਗਏ । ਜੇਤੂ ਬੱਚਿਆਂ ਨੂੰ ਇਨਾਮ ਦਿੱਤੇ ਗਏ । ਸਕੂਲ ਮੁਖੀ ਵਲੋਂ ਵਿਸ਼ਾਲੀ ਪ੍ਰਭਾਕਰ ਜੀ ਅਤੇ ਉਹਨਾਂ ਦੀ ਪੂਰੀ ਟੀਮ ਦਾ ਪ੍ਰਸ਼ੰਸ਼ਾ ਪਤੱਰ ਦੇ ਕੇ ਸਨਮਾਨ ਕੀਤਾ ਗਿਆ ।

# ਸਮਾਜਿਕ ਕੰਮਾਂ ਦੀ ਪਹਿਰੇਦਾਰੀ ਕਰਦਿਆਂ ਸਮਾਜ ਸੇਵਕ ਬਿੱਲ ਬਸਰਾ ਦਾ ਸਨਮਾਨ


## ਰਹਿਬਰਾਂ ਦੇ ਮਿਸ਼ਨ ਲਈ ਹਮੇਸ਼ਾ ਰਹਾਂਗਾ ਤੱਤਪਰ- ਬਿੱਲ ਬਸਰਾ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)-** ਵੈਨਕੂਵਰ ਦੇ ਪ੍ਰਸਿੱਧ ਸਮਾਜ ਸੇਵੀ ਅਤੇ ਰਹਿਬਰਾਂ ਦੇ ਮਿਸ਼ਨ ਦੀ ਪਹਿਰੇਦਾਰੀ ਕਰਨ ਵਾਲੇ ਸ੍ਰੀ ਗੁਰੂ ਰਵਿਦਾਸ ਸਭਾ ਬਰਨਵੀ ਦੇ ਸਾਬਕਾ ਪ੍ਰਧਾਨ ਅਤੇ ਮੇਲਾ ਇੰਟਰਟੇਨਮੈਂਟ ਕੰਪਨੀ ਦੇ ਪ੍ਰੋਡਿਊਸਰ ਸ੍ਰੀਮਾਨ ਬਿੱਲ ਬਸਰਾ ਜੀ ਦਾ ਹਾਲ ਹੀ ਵਿੱਚ ਉਹਨਾਂ ਦੀਆਂ ਸਮਾਜਿਕ ਸੇਵਾਵਾਂ ਨੂੰ ਦੇਖਦਿਆਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ । ਇਲੈਕਸ਼ਨ ਤੋਂ ਪਹਿਲਾਂ ਹੋਏ ਇਸ ਸਨਮਾਨ ਵਿੱਚ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਨੇ ਉਹਨਾਂ ਨੂੰ ਐ ਪ ਰੀ ਸੀ ਏ ਸ਼ ਨ ਅਐਵਾਰਡ ਦੇ ਕੇ ਨਿਵਾਜਿਆ ਅਤੇ ਕਿਹਾ ਕਿ ਜੋ ਵੀ ਇਨਸਾਨ ਆਪਣੇ ਤਨ ਮਨ ਨਾਲ ਮਿਸ਼ਨ ਦੀ ਸੇਵਾ ਕਰਦਾ ਹੈ ਉਸ ਦਾ ਮਾਣ ਸਤਿਕਾਰ ਹਮੇਸ਼ਾ ਸਮਾਜ ਵਲੋਂ ਕੀਤਾ ਜਾਂਦਾ ਹੈ । ਉਹਨਾਂ ਨੂੰ ਦਿੱਤੇ ਗਏ ਸਨਮਾਨ ਵਿੱਚ ਸਪੱਸ਼ਟ ਤੌਰ ਤੇ ਜੋ ਲਿਖਿਆ ਉਹ ਆਪ ਦੀ ਨਜ਼ਰ ਹੈ .........





ਇਹ ਮੈਡਲ, ਜੋ ਕਿ ਕੈਨੇਡੀਅਨ ਸਨਮਾਨ ਪ੍ਰਣਾਲੀ ਦਾ ਇੱਕ ਅਧਿਕਾਰਤ ਹਿੱਸਾ ਹੈ, ਉਨ੍ਹਾਂ ਵਿਅਕਤੀਆਂ ਨੂੰ ਮਾਨਤਾ ਦਿੰਦਾ ਹੈ ਜਿਨ੍ਹਾਂ ਨੇ ਆਪਣੇ ਭਾਈਚਾਰੇ ਵਿੱਚ ਅਸਾਧਾਰਨ ਯੋਗਦਾਨ ਪਾਇਆ ਹੈ ਅਤੇ ਸੇਵਾ ਅਤੇ ਸਮਰਪਣ ਦੇ ਮੁੱਲਾਂ ਨੂੰ ਮੂਰਤੀਮਾਨ ਕੀਤਾ ਹੈ। ਇਹ




ਪੁਰਸਕਾਰ ਰਾਜਾ ਚਾਰਲਸ । ਦੇ ਤਾਜਪੋਸ਼ੀ ਦੀ ਯਾਦ ਵਿੱਚ ਸਥਾਪਿਤ ਕੀਤਾ ਗਿਆ ਸੀ, ਜੋ ਕਿ 6 ਮਈ, 2023 ਨੂੰ ਹੋਇਆ ਸੀ। ਪ੍ਰਾਪਤਕਰਤਾਵਾਂ ਨੂੰ ਉਨ੍ਹਾਂ ਦੀ ਅਗਵਾਈ, ਸਵੈ-ਸੇਵਕ ਵਚਨਬੱਧਤਾ ਅਤੇ ਖੇਤਰ, ਸੂਬੇ ਅਤੇ ਦੇਸ਼ ਦੀ ਭਲਾਈ ਲਈ ਸਮਰਪਣ ਲਈ ਚੁਣਿਆ ਗਿਆ ਸੀ। "ਉਨ੍ਹਾਂ ਦੇ ਯੋਗਦਾਨ ਨੂੰ ਸਿਰਫ਼ ਉਨ੍ਹਾਂ ਦੁਆਰਾ ਪੂਰੇ ਕੀਤੇ ਗਏ ਪ੍ਰੋਜੈਕਟਾਂ ਦੁਆਰਾ ਹੀ ਨਹੀਂ ਮਾਪਿਆ ਜਾਂਦਾ, ਸਗੋਂ ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕਾਂ ਵਿੱਚ ਉਨ੍ਹਾਂ ਦੁਆਰਾ ਪੈਦਾ ਕੀਤੀ ਗਈ ਪ੍ਰੇਰਨਾ ਦੁਆਰਾ ਵੀ ਮਾਪਿਆ ਜਾਂਦਾ ਹੈ," ਸਰਰਾਜ਼ਿਨ ਨੇ ਕਿਹਾ।

ਸਤਿਕਾਰਯੋਗ ਬਿੱਲ ਬਸਰਾ ਜੀ ਨੂੰ ਮਿਲੇ ਇਸ ਸਨਮਾਨ ਲਈ ਸਮੁੱਚੇ ਭਾਈਚਾਰੇ ਵਲੋਂ ਉਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ । ਜਿਕਰਯੋਗ ਹੈ ਕਿ ਹਾਲ ਹੀ ਵਿੱਚ ਉਹਨਾਂ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਹਾੜੇ ਮੌਕੇ ਵਿਸਾਖੀ ਪੂਰਬ ਤੇ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕਰਕੇ ਵਿਸ਼ੇਸ਼ ਤੌਰ ਤੇ ਸੰਗਤ ਨੂੰ ਬਾਬਾ ਸਾਹਿਬ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਗਈਆਂ। ਆਸ ਕਰਦੇ ਹਾਂ ਕਿ ਬਿੱਲ ਬਸਰਾ ਜੀ ਆਉਣ ਵਾਲੇ ਸਮੇਂ ਵਿੱਚ ਵੀ ਸਮਾਜ ਦੀ ਸੇਵਾ ਲਈ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿਣਗੇ ।

# ਪ੍ਰਸਿੱਧ ਗਾਇਕਾ ਰਾਜ ਗੁਲਜ਼ਾਰ ਲੋਕ ਤੱਥ 'ਇੱਜਤਾਂ' ਨਾਲ ਹੋਈ ਸਰੋਤਿਆਂ ਦੇ ਰੂਬਰੂ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)-** ਦੁਆਬੇ ਦੀ ਪ੍ਰਸਿੱਧ ਗਾਇਕਾ ਰਾਜ ਗੁਲਜ਼ਾਰ ਆਪਣੇ ਨਵੇਂ ਸਿੰਗਲ ਟਰੈਕ 'ਇੱਜਤਾਂ' ਨਾਲ ਸਰੋਤਿਆਂ ਦੇ ਇੱਕ ਵਾਰ ਫੇਰ ਜੋਬਨ ਕਵੀਨ ਰਿਕਾਰਡਸ ਅਤੇ ਹਰਬੰਸ ਰਸੀਲਾ ਦੀ ਪੇਸ਼ਕਸ਼ ਵਿੱਚ ਹਾਜ਼ਰ ਹੋਈ ਹੈ। ਗਾਇਕਾ ਰਾਜ ਗੁਲਜ਼ਾਰ ਨੇ ਇਸ ਟਰੈਕ ਦਾ ਪੋਸਟਰ ਜਾਰੀ ਕਰਦਿਆਂ ਦੱਸਿਆ ਕਿ ਮੇਜਰ ਸਿੱਧੂ ਕਨੇਡਾ ਦਾ ਇਸ ਟਰੈਕ ਲਈ ਵਿਸ਼ੇਸ਼ ਤੌਰ ਤੇ ਧੰਨਵਾਦੀ ਹੈ, ਇਸ ਨੂੰ ਚੰਦ ਕੋਟਲੇ ਵਾਲਾ ਨੇ ਕਲਮਬੱਧ ਕੀਤਾ ਹੈ। ਹਰਬੰਸ ਰਸੀਲਾ ਇਸ ਦੇ ਪੇਸ਼ਕਾਰ ਹਨ । ਗਾਇਕਾ ਰਾਜ ਗੁਲਜ਼ਾਰ ਲੰਬੇ ਸਮੇਂ ਤੋਂ ਦੋਗਾਣਾ ਗੀਤਾਂ ਨਾਲ ਪੰਜਾਬ ਦੇ ਵੱਖ-ਵੱਖ ਸੁਪਰਸਿੱਧ ਗਾਇਕਾਂ ਨਾਲ ਸਟੇਜਾਂ ਤੇ ਪ੍ਰੋਗਰਾਮਾਂ ਦੀ ਚੰਗੀ ਮੁਹਾਰਤ ਹਾਸਲ ਕਰਨ ਵਾਲੀ ਗਾਇਕਾ ਹੈ ਜਿਸ ਨੂੰ ਗਾਇਕੀ ਦੇ ਹਰ ਰੰਗ ਦੀ ਸੂਝ ਬੂਝ ਹੈ। ਲੋਕ ਤੱਥ ਇੱਜਤਾਂ ਨਾਲ ਉਸਨੇ ਆਪਣੀ ਦਮਦਾਰ ਹਾਜ਼ਰੀ ਭਰਨ ਦਾ ਤਹੱਈਆ ਕੀਤਾ। ਚੰਦ ਕੋਟਲੇ ਵਾਲਾ ਨੇ ਇਸ ਟਰੈਕ ਨੂੰ ਖੂਬਸੂਰਤ ਸ਼ਬਦਾਂ ਦੀ ਬਣਤਰ ਦਿੱਤੀ । ਦਵਿੰਦਰ ਕੈਂਥ ਨੇ ਇਸ ਦਾ ਸੰਗੀਤ । ਬਲਵਿੰਦਰ ਸਿੰਘ ਉੱਪਲ ਇਸ ਟਰੈਕ ਦੇ ਪ੍ਰੋਡਿਊਸਰ ਹਨ ਜੋ ਇਸ ਟਰੈਕ ਦੀ ਮਕਬੂਲੀਅਤ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ। ਗਾਇਕਾ ਰਾਜ ਗੁਲਜ਼ਾਰ




ਇਸ ਟਰੈਕ 'ਇੱਜਤਾਂ' ਰਾਹੀਂ ਆਪਣਾ ਗਾਇਕੀ ਵੱਲ ਸਰੋਤਿਆਂ ਵਿੱਚ ਹੋਰ ਵੀ ਵਧਾਏਗੀ ਇਹੀ ਆਸ ਹੈ।

# ਦਸਵੰਧ ਗਰੀਬਾਂ ਲਈ ਐਨ ਜੀ ਓ ਵੱਲੋਂ ਰੈੱਡ ਕਰਾਸ ਭਵਨ ਵਿੱਖੇ ਕੀਤਾ ਗਿਆ ਖੂਨਦਾਨ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨੀਂ ਚੱਲ ਰਹੇ ਹਲਾਤਾਂ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਮਾਣਯੋਗ ਡੀ ਸੀ ਸਾਬ ਸ਼੍ਰੀ ਹਿਮਾਂਸ਼ੂ ਅਗਰਵਾਲ ਜੀ ਅਤੇ ਸੈਕਟਰੀ ਸਾਬ ਰੈਡ ਕਰਾਸ ਸੁਸਾਇਟੀ ਜਲੰਧਰ ਵੱਲੋਂ ਦੁਆਬਾ ਬਲੱਡ ਬੈਂਕ ਦੇ ਸਹਿਯੋਗ ਨਾਲ ਉੱਚੀ ਸੁੱਚੀ ਸਖਸ਼ੀਅਤ ਸ਼੍ਰੀ ਨਰੇਸ਼ ਪਾਲ ਜੀ ਦੀ ਦੇਖ ਰੇਖ ਹੇਠ ਖੂਨਦਾਨ ਕੈਂਪ ਲਗਾਇਆ ਗਿਆ।

ਜਿਸ ਵਿੱਚ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ, ਸੇਵਾ ਸੁਸਾਇਟੀਆ ਆਦਿਕ ਦੇ ਨਾਲ ਨਾਲ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਸ਼ਾਨ ਦਸਵੰਧ ਗਰੀਬਾਂ ਲਈ ਵੈਲਫੇਅਰ ਸੇਵਾ ਸੁਸਾਇਟੀ ਪੰਜਾਬ ਦੇ ਸੇਵਾਦਾਰ ਵੀਰ ਸ਼੍ਰੀ ਹਰਜਿੰਦਰ ਪਾਲ ਟੋਨੀ ਕੰਦੋਲਾ ਜੀਆਂ ਵੱਲੋਂ ਵੀ ਖੂਨਦਾਨ ਕੈਂਪ ਵਿੱਚ ਹਿੱਸਾ ਪਾ ਕੇ ਦਸਵੰਧ ਗਰੀਬਾਂ ਲਈ ਵੈਲਫੇਅਰ ਸੇਵਾ ਸੁਸਾਇਟੀ ਪੰਜਾਬ ਦਾ ਮਾਣ ਵਧਾਇਆ ਗਿਆ।

# ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਨਵੇਂ ਚੇਅਰਮੈਨ ਬਣੇ ਜਸਪਾਲ ਸਿੰਘ ਚੇਚੀ

## ਕਿਹਾ, ਕਿਸਾਨਾਂ, ਆੜ੍ਹਤੀਆਂ ਤੇ ਵਪਾਰੀ ਭਾਈਚਾਰੇ ਦੀ ਹਰ ਲੋੜ ਦਾ ਰੱਖਿਆ ਜਾਵੇਗਾ ਧਿਆਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਦਾਣਾ ਮੰਡੀ ਵਿਖੇ ਹੋਏ ਇੱਕ ਸਾਦੇ ਸਮਾਰੋਹ ਦੌਰਾਨ ਅੱਜ ਜਸਪਾਲ ਸਿੰਘ ਚੇਚੀ ਨੇ ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਉਨ੍ਹਾਂ ਸਭ ਤੋਂ ਪਹਿਲਾਂ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਕਰ ਰਹੇ ਵੀਰ ਸੈਨਿਕਾਂ ਨੂੰ ਨਮਨ ਕੀਤਾ ਤੇ ਉਨ੍ਹਾਂ ਨੂੰ ਸਨਮਾਨ ਭੇਟ ਕੀਤਾ। ਚੇਚੀ ਨੇ ਕਿਹਾ ਕਿ ਅੱਜ ਦੇਸ਼ ਪਾਕਿਸਤਾਨ ਵੱਲੋਂ ਹੋ ਰਹੇ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ, ਇਸ ਕਰਕੇ ਹਰ ਨਾਗਰਿਕ ਦਾ ਫਰਜ਼ ਹੈ ਕਿ ਉਹ ਏਕਜੁਟ ਹੋ ਕੇ ਦੇਸ਼ ਅਤੇ ਸਮਾਜ ਦੀ ਭਲਾਈ ਲਈ ਕੰਮ ਕਰੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਪੂਰੀ ਪਾਬੰਦੀ ਨਾਲ ਪਾਲਣਾ ਕਰਣ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੀ ਭੂਮਿਕਾ ਨਿਭਾਉਣ।

ਜਸਪਾਲ ਸਿੰਘ ਚੇਚੀ ਨੇ ਇਸ ਮਹੱਤਵਪੂਰਨ ਜ਼ਿੰਮੇਵਾਰੀ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਯਕੀਨ ਦਿਵਾਇਆ ਕਿ ਉਹ ਇਸ ਅਹੁਦੇ ਦੀ ਗਰਿਮਾ ਨੂੰ ਬਣਾਏ ਰੱਖਦੇ ਹੋਏ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਕਿਸਾਨਾਂ ਦੇ ਹਿੱਤ ਉਨ੍ਹਾਂ ਦੀ ਪਹਿਲ ਹਨ ਅਤੇ ਉਹ ਹਰ ਪੱਧਰ 'ਤੇ ਕਿਸਾਨਾਂ, ਆੜ੍ਹਤੀਆਂ ਅਤੇ ਵਪਾਰੀਆਂ ਦੇ ਹੱਕਾਂ ਦੀ ਰੱਖਿਆ ਕਰਨਗੇ। ਚੇਅਰਮੈਨ ਨੇ ਕਿਹਾ ਕਿ ਕਣਕ ਖਰੀਦ ਸੀਜ਼ਨ ਦੇ ਚਲਦਿਆਂ ਮੰਡੀਆਂ ਵਿਚ ਵਿਵਸਥਾ ਉੱਤੇ ਖ਼ਾਸ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਮੰਡੀ ਵਿੱਚ ਆਉਣ ਵਾਲੇ ਹਰ ਕਿਸਾਨ ਨੂੰ ਪੂਰੀ ਸੁਵਿਧਾ ਅਤੇ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਨ੍ਹਾਂ ਦੇ ਮਾਤਾ ਭਜਨ ਕੌਰ, ਭਰਾ ਅਜੇਪਾਲ ਸਿੰਘ ਚੇਚੀ, ਭੈਣਾਂ ਨੀਲਮ ਰਾਣੀ ਤੇ ਪ੍ਰੋਮਿਲਾ ਰਾਣੀ, ਪਤਨੀ ਸੋਨੀਆ ਰਾਣੀ, ਭਾਬੀ ਆਸ਼ਾ ਰਾਣੀ, ਨੰਬਰਦਾਰ ਚੰਨਿਆਣੀ ਖ਼ੁਰਦ ਹੁਸਨ ਲਾਲ ਚੇਚੀ, ਪਵਨ ਕੁਮਾਰ ਤੇ ਹੋਰ ਪਤਵੰਤੇ ਮੌਜੂਦ ਸਨ। ਇਸੇ ਦੌਰਾਨ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਡਾ. ਇਸ਼ਾਂਕ, ਡਾ. ਜਤਿੰਦਰ, ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਕਰਮਜੀਤ ਕੌਰ ਅਤੇ ਹੋਰ ਅਹਿਮ ਸ਼ਖਸੀਅਤਾਂ ਨੇ ਪਹੁੰਚ ਕੇ ਨਵ-ਨਿਯੁਕਤ ਚੇਅਰਮੈਨ ਨੂੰ ਵਧਾਈ ਦਿੱਤੀ।



# ਨਸ਼ੀਲੀਆਂ ਗੋਲੀਆਂ ਸਮੇਤ ਇੱਕ ਵਿਅਕਤੀ ਚੜਿਆ ਪੁਲਿਸ ਦੇ ਅੜਿੱਕੇ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸੰਦੀਪ ਕੁਮਾਰ ਮਲਿਕ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ ਐਸ ਪੀ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆ ਵਿਰੁੱਧ" ਤਹਿਤ ਏ. ਐਸ. ਆਈ ਸਰਬਜੀਤ ਸਿੰਘ ਆਪਣੀ ਪੁਲਿਸ ਟੀਮ ਨਾਲ ਅਜੈ ਪੁੱਤਰ ਰਾਜਾ ਰਾਮ ਨੂੰ 35 ਨਸ਼ੀਲੀਆ ਗੋਲੀਆਂ ਸਮੇਤ ਬਰਾਮਦ ਕਰਕੇ ਉਸ ਓ ੁ ਪ ਰ ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਉਹਨਾਂ ਦੱਸਿਆ ਕਿ ਉਕਤ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਸਦਾ ਪੁਲਿਸ ਰਿਮਾਂਡ ਹਾਸਿਲ ਕਰਕੇ ਉਸ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ।



# ਜੇ ਪਾਕਿ ਨੇ ਗੋਲੀਬੰਦੀ ਦਾ ਉਲੰਘਣ ਕੀਤਾ ਤਾਂ ਭਾਰਤ ਕਰਾਰਾ ਜਵਾਬ ਦੇਵੇਗਾ: ਡੀਜੀਐੱਮਓ

**ਨਵੀਂ ਦਿੱਲੀ।** ਡਾਇਰੈਕਟਰ ਜਨਰਲ ਆਫ ਮਿਲਟਰੀ ਅਪਰੇਸ਼ਨ ਵੱਲੋਂ ਪਾਕਿਸਤਾਨ ’ਤੇ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਅੱਜ ਜਾਣਕਾਰੀ ਦਿੱਤੀ ਗਈ। ਲੈਫਟੀਨੈਂਟ ਜਨਰਲ ਰਾਜੀਵ ਘਈ, ਵਾਈਸ ਐਡਮਿਰਲ ਏ ਐਨ ਪ੍ਰਮੋਦ ਤੇ ਏਅਰ ਮਾਰਸ਼ਲ ਕੁਮਾਰ ਭਾਰਤੀ ਨੇ ‘ਅਪਰੇਸ਼ਨ ਸਿੰਧੂਰ’ ਬਾਰੇ ਦੱਸਿਆ ਕਿ ਉਨ੍ਹਾਂ ਪਾਕਿਸਤਾਨ ਵਿਚ ਕਿਸੇ ਵੀ ਫੌਜੀ ਟਿਕਾਣੇ ਤੇ ਆਮ ਲੋਕਾਂ ਨੂੰ ਨਿਸ਼ਾਨਾ ਨਹੀਂ ਬਣਾਇਆ। ਭਾਰਤ ਨੇ ਨੌਂ ਅਤਿਵਾਦੀ ਟਿਕਾਣਿਆਂ ’ਤੇ ਹਮਲਾ ਕਰੇ ਸੌ ਦਹਿਸ਼ਤਗਰਦਾਂ ਨੂੰ ਮਾਰਿਆ। ਇਨ੍ਹਾਂ ਵਿਚੋਂ ਕੰਧਾਰ ਹਾਈਜੈਕ ਤੇ ਪੁਲਵਾਮਾ ਹਮਲੇ ਕਰਨ ਵਾਲੇ ਤਿੰਨ ਦਹਿਸ਼ਤਗਰਦ ਵੀ ਸ਼ਾਮਲ ਹਨ। ਅਪਰੇਸ਼ਨ ਸਿੰਧੂਰ ਤਹਿਤ ਪਾਕਿਸਤਾਨ ਦੇ 40 ਫੌਜੀ ਜਵਾਨ ਤੇ ਅਧਿਕਾਰੀ ਹਲਾਕ ਹੋਏ। ਲੈਫਟੀਨੈਂਟ ਘਈ ਨੇ ਦੱਸਿਆ ਕਿ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿਚ ਚਲਦੇ ਅਤਿਵਾਦੀ ਕੈਂਪਾਂ ਦੀ ਨਿਸ਼ਾਨਦੇਹੀ ਕੀਤੀ ਤੇ ਇਸ ਤੋਂ ਬਾਅਦ ਕਾਰਵਾਈ ਕੀਤੀ। ਏਅਰਮਾਰਸ਼ਲ ਭਾਰਤੀ ਨੇ ਦੱਸਿਆ ਕਿ ਭਾਰਤ ਨੇ ਉਨ੍ਹਾਂ ਥਾਵਾਂ ’ਤੇ ਹਮਲਾ ਕੀਤਾ ਜਿੱਥੇ ਪਾਕਿਤਸਾਨ ਤੇ ਦਹਿਸ਼ਤਗਰਦ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ।



# ਜੰਗਾਂ ਯੁੱਧਾਂ ਵਿੱਚ ਨਿਰਦੋਸ਼ਾਂ ਤੇ ਮਾਸੂਮਾਂ ਦੀਆਂ ਜਾਨਾਂ ਦਾ ਵੱਡੀ ਪੱਧਰ ਤੇ ਨੁਕਸਾਨ ਹੁੰਦਾ ਹੈ :-ਖੁਣ ਖੁਣ ਸਿੰਗੜੀਵਾਲਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਪੰਜਾਬ ਪੰਜਾਬੀਆਂ ਸਿੱਖ ਕੌਮ ਅਤੇ ਮਨੁੱਖਤਾ ਵਿਰੁੱਧ ਜਬਰੀ ਥੋਪੀ ਜਾ ਰਹੀ ਜੰਗ ਵਿੱਚ ਸਿੱਖ ਕੌਮ ਵੱਲੋਂ ਕਿਸੇ ਤਰ੍ਹਾਂ ਦਾ ਸਾਥ ਨਾ ਦੇਣ ਅਤੇ ਜੰਗ ਤੋਂ ਤੌਬਾ ਕਰਨ ਸਬੰਧੀ ਇੱਕ ਮੰਗ ਪੱਤਰ ਗੁਰਦੀਪ ਸਿੰਘ ਖੁਣ ਖੁਣ ਕੌਮੀ ਸੀਨੀਅਰ ਮੀਤ ਪ੍ਰਧਾਨ ਕਿਸਾਨ ਵਿੰਗ ਅਤੇ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਸਿੰਗੜੀਵਾਲਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਅਸ਼ਿਕਾ ਜੈਨ ਦੇ ਰਝੇਵਿਆਂ ਕਾਰਨ ਪਰਮਪ੍ਰੀਤ ਸਿੰਘ ਅਸਿਸਟੈਂਟ ਕਮਿਸ਼ਨਰ (ਜ) ਨੂੰ ਰਾਸ਼ਟਰਪਤੀ ਬੀਬੀ ਦਰੋਪਤੀ ਮੁਰਮੂ ਲਈ ਦਿੱਤਾ ਇਸ ਸਮੇਂ ਗੁਰਦੀਪ ਸਿੰਘ ਖੁਣ ਖੁਣ ਨੇ ਕਿਹਾ ਕਿ ਪੰਜਾਬ ਵਿੱਚ ਵੱਸਣ ਵਾਲੀ ਸਿੱਖ ਕੌਮ ਅਤੇ ਪੰਜਾਬੀ ਹਰ ਤਰ੍ਹਾਂ ਦੀ ਜੰਗ ਅਤੇ ਯੁੱਧ ਦੇ ਇਸ ਲਈ ਵਿਰੋਧੀ ਹਨ ਕਿਉਂਕਿ ਇਸ ਨਾਲ ਨਿਰਦੋਸ਼ਾਂ ਤੇ ਮਸੂਮਾਂ ਦੀਆਂ ਜਾਨਾ ਦਾ ਵੱਡਾ ਨੁਕਸਾਨ ਹੀ ਨਹੀਂ ਹੁੰਦਾ ਹੈ ਬਲਕਿ ਮਾਲੀ ਅਤੇ ਆਰਥਿਕ ਤੌਰ ਤੇ ਵੀ ਅਜਿਹੀਆਂ ਜੰਗਾਂ ਸਮੇਂ ਸਿੱਖ ਕੌਮ ਅਤੇ ਪੰਜਾਬੀਆਂ ਦਾ ਵੱਡਾ ਨੁਕਸਾਨ ਹੁੰਦਾ ਹੈ ਇਸ ਲਈ ਅਸੀਂ ਅਮਨ ਚੈਨ ਅਤੇ ਜਮਹੂਰੀਅਤ ਦੇ ਹਾਮੀ ਹਾਂ ਇਸ ਸਮੇਂ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਸਿੰਗੜੀਵਾਲਾ ਨੇ ਕਿਹਾ ਨਰਿੰਦਰ ਮੋਦੀ ਸਰਕਾਰ ਵਲੋਂ ਆਪਣੇ ਸਿਆਸੀ ਅਤੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਸਮੁੱਚੇ ਮੁਲਕ ਨਿਵਾਸੀਆਂ ਨੂੰ ਜੰਗ ਵਿੱਚ ਧੱਕਿਆ ਜਾ ਰਿਹਾ ਹੈ ਅਤੇ ਮੰਦਭਾਵਨਾ ਅਧੀਨ ਸਿੱਖ ਕੌਮ ਅਤੇ ਪੰਜਾਬੀਆਂ ਤੇ ਯੰਗ ਥੋਪੀ ਜਾ ਰਹੀ ਜਿਸ ਦਾ ਸ਼੍ਰੋਮਣੀ ਅਕਾਲ ਦਲ ਅੰਮ੍ਰਿਤਸਰ ਪਾਰਟੀ ਇਸ ਜੰਗ ਦਾ ਸਖਤ ਵਿਰੋਧ ਕਰਦੀ ਹੈ ਇਸ ਸਮੇਂ ਉਹਨਾਂ ਨੇ ਦੇਸ਼ ਦੀ ਰਾਸ਼ਟਰਪਤੀ ਬੀਬੀ ਦਰੋਪਤੀ ਮੁਰਮੂ ਨੂੰ ਗੰਭੀਰਤਾ ਭਰੀ ਅਪੀਲ ਕਰਦੇ ਹੋਇਆ ਕਿਹਾ ਕਿ ਉਹ ਆਪਣੇ ਵਿਧਾਨਕ ਅਤੇ ਮਨੁੱਖਤਾ ਪੱਖੀ ਸੋਚ ਦੀ ਵਰਤੋਂ ਕਰਦਿਆਂ ਹੋਇਆਂ ਇਸ ਜੰਗ ਨੂੰ ਰੁਕਵਾਉਣ ਲਈ ਤੁਰੰਤ ਆਪਣੀ ਜਿੰਮੇਵਾਰੀ ਨਿਭਾਉਣ ਜਿਸ ਲਈ ਸਿੱਖ ਕੌਮ ਅਤੇ ਪੰਜਾਬੀ ਆਪਦੇ ਦਿਲੋਂ ਸ਼ੁਕਰ ਗੁਜ਼ਾਰ ਹੋਣਗੇ,ਇਸ ਸਮੇਂ ਇਸ ਸਮੇਂ ਸੰਦੀਪ ਸਿੰਘ ਖਾਲਸਾ ਟਾਂਡਾ, ਬੀਬੀ ਰਾਜਵਿੰਦਰ ਕੌਰ,ਸਤਵੰਤ ਸਿੰਘ ਮੁਰਾਦਪੁਰ, ਬਘੇਲ ਸਿੰਘ ਟਾਂਡਾ, ਗੁਰਵਿੰਦਰ ਸਿੰਘ ਮਿਆਣੀ, ਜਸਦੀਪ ਸਿੰਘ ਕੁਰੇਸ਼ੀਆ ਆਦਿ ਹਾਜ਼ਰ ਸਨ । ਫੋਟੋ ਅਜਮੇਰ ਦੀਵਾਨਾ



# ਹੇਜ਼ ਕਬੱਡੀ ਕਲੱਬ ਲੰਡਨ ਵਿਖੇ ਨਾਮੀ ਕਬੱਡੀ ਖਿਡਾਰੀ ਦਿਖਾਉਣਗੇ ਮਾਂ ਖੇਡ ਕਬੱਡੀ ਦੇ ਜ਼ੌਹਰ - ਬਲਜਿੰਦਰ ਭਿੰਡਰ

## ਟੂਰਨਾਮੈਂਟ ਦੀ ਸ਼ੁਰੂਆਤ ਤੋਂ ਪਹਿਲਾਂ ਸਫਲਤਾ ਲਈ ਹੋਵੇਗੀ ਅਰਦਾਸ







**ਲੰਡਨ ( ਰਾਜਵੀਰ ਸਮਰਾ)–** ਹੇਜ਼ ਕਬੱਡੀ ਕਲੱਬ ਲੰਡਨ ਵਿਖੇ ਮਾਂ ਖੇਡ ਕਬੱਡੀ ਨਾਲ ਯੂ ਕੇ ਵਿੱਚ ਵੱਸਦੀ ਨਵੀਂ ਪੀੜ੍ਹੀ ਨੂੰ ਕਬੱਡੀ ਤੇ ਆਪਣੇ ਪੰਜਾਬੀ ਵਿਰਸੇ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ



ਫੈਡਰੇਸ਼ਨ ਦੇ ਮੁੱਖ ਪ੍ਰਬੰਧਕ ਬਲਜਿੰਦਰ ਭਿੰਡਰ ਨੇ ਦੱਸਿਆ ਕਿ ਇਹ ਕਬੱਡੀ ਟੂਰਨਾਮੈਂਟ ਦੀ ਸ਼ੁਰੂਆਤ ਤੋਂ ਪਹਿਲਾਂ ਟੂਰਨਾਮੈਂਟ ਦੀ ਸਫਲਤਾ ਲਈ ਅਰਦਾਸ ਕੀਤੀ ਗਈ। ਇਸ ਦੌਰਾਨ ਨਾਮੀ ਕਬੱਡੀ ਕਲੱਬਾਂ ਦੇ ਨਾਮੀ ਕਬੱਡੀ ਖਿਡਾਰੀ ਵੱਡੇ ਪੱਧਰ ਤੇ ਭਾਗ ਲੈ ਰਹੇ ਹਨ ਤੇ ਇਸ ਟੂਰਨਾਮੈਂਟ ਵਿੱਚ ਉਹ ਮਾਂ ਖੇਡ ਕਬੱਡੀ ਦੇ ਜ਼ੌਹਰ ਦਿਖਉਣਗੇ। ਉਹਨਾਂ ਦੱਸਿਆ ਕਿ ਇਸ ਕਬੱਡੀ ਟੂਰਨਾਮੈਂਟ ਵਿੱਚ ਇੰਗਲੈਂਡ ਵਿੱਚ ਵੱਸਦੇ ਪ੍ਰਵਾਸੀ ਪੰਜਾਬੀਆਂ ਤੇ ਉਹਨਾਂ ਦੇ ਬੱਚਿਆਂ ਤੇ ਕਬੱਡੀ ਪ੍ਰੇਮੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਜਿੱਥੇ ਨਾਮੀ ਖਿਡਾਰੀਆਂ ਦੇ ਕਬੱਡੀ ਦੇ ਦਿਲਕਸ਼ ਕਬੱਡੀ ਦੇ ਮੁਕਾਬਲੇ ਵੇਖਣ ਨੂੰ ਮਿਲਣਗੇ। ਉਥੇ ਹੀ ਇਸ ਦੌਰਾਨ ਜੇਤੂ ਖਿਡਾਰੀਆਂ ਤੇ ਉਪ ਜੇਤੂ ਖਿਡਾਰੀਆਂ ਨੂੰ ਵਿਸ਼ੇਸ਼ ਸਨਮਾਨ ਤੇ ਨਗਦ ਪੋਡਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਅਜਿਹੇ ਕਬੱਡੀ ਖੇਡ ਟੂਰਨਾਮੈਂਟ ਜੋ ਯੂ ਕੇ ਵੱਸਦੀ ਨਵੀਂ ਪੀੜ੍ਹੀ ਨੂੰ ਮਾਂ ਖੇਡ ਨਾਲ ਜੋੜਦੇ ਹਨ, ਉਹ ਕਰਵਾਏ ਜਾਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਇਹ ਕੰਮ ਬਾਖ਼ੂਬੀ ਕਰ ਰਿਹਾ ਹੈ ਤੇ ਭਵਿੱਖ ਵਿੱਚ ਵੀ ਕਰਦਾ ਰਹੇਗਾ।ਇਸ ਮੌਕੇ ਤੇ ਕੇਵਲ ਪੁਲਸੀਆਂ ਵਾਲਾ,ਸੀਪਾ ਚੱਕਰ ,ਹਰਬੰਤ ਮੱਲ੍ਹੀ, ਕਰਮਜੀਤ ਕੰਮਾਂ ਔਜਲਾ,ਸਤਿੰਦਰਬੀਰ ਸਿੰਘ ਗੋਲਡੀ,ਕੇਸਰ ਸਿੰਘ ਧਾਲੀਵਾਲ, ਸੰਤੋਖ ਸਿੰਘ ਢੇਸੀ ਆਦਿ ਫੈਡਰੇਸ਼ਨ ਦੇ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।











## ਸਿਰਫ਼ ਇੱਕ ਦਿਨ?

ਸੁਣਿਆਂ ਹੈ ਅੱਜ ਮਾਂ ਦਿਵਸ ਹੈ ।
ਗੂੜ੍ਹੀ ਸੰਘਣੀ  ਛਾਂ  ਦਿਵਸ  ਹੈ ।
ਮਾਂ ਦਾ ਤਾਂ ਪਰ ਹਰ ਦਿਨ ਹੁੰਦੈ ;
ਮੇਰੇ ਲਈ  ਜਿੰਦ ਜਾਂ ਦਿਵਸ ਹੈ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਗ਼ਜ਼ਲ





ਮੁਹੱਬਤ ਵੀ ਵਿਸ਼ਾ ਹੈ ਪਰ ਬਥੇਰੇ ਹੋਰ ਵੀ ਨੇ।
ਵਿਛੋੜੇ ਤੋਂ ਭਿਆਨਕ ਡਰ ਬਥੇਰੇ ਹੋਰ ਵੀ ਨੇ।
ਪਿਸੇ ਹਾਲਾਤ ਦੀ ਚੱਕੀ 'ਚ ਆਪਾਂ ਹੀ ਨਹੀਂ ਹਾਂ,
ਜਿਨ੍ਹਾਂ ਦਾ ਘਾਟ ਹੈ ਨਾ ਘਰ ਬਥੇਰੇ ਹੋਰ ਵੀ ਨੇ।
ਜਿਨ੍ਹਾਂ ਨੇ ਖ਼ੁਦਕੁਸ਼ੀ ਕੀਤੀ ਬਣੇ ਨੇ ਖ਼ਬਰ ਓਹੀ,
ਬਿਨਾਂ ਮਰਿਆਂ ਰਹੇ ਜੋ ਮਰ ਬਥੇਰੇ ਹੋਰ ਵੀ ਨੇ।
ਹਵਾ ਦਾ ਰੁਖ਼ ਜ਼ਮਾਨਾ ਦੇਖਦਾ ਹੈ, ਜਾਣਦੇ ਹਾਂ,
ਅਜੇ ਵੀ ਨਾ ਭਿੜੇ ਜੋ ਦਰ ਬਥੇਰੇ ਹੋਰ ਵੀ ਨੇ।
ਕਦੇ ਨਾ ਦੇਣ ਬੇਦਾਵੇ ਮੁਕਾਇਆਂ ਮੁੱਕਣੇ ਨਾ,
ਤੁਰੇ ਜੋ ਸਿਰ ਤਲੀ 'ਤੇ ਧਰ ਬਥੇਰੇ ਹੋਰ ਵੀ ਨੇ।
ਬੜਾ ਬੇਦਰਦ ਹੋ ਕੇ ਤੋੜਿਐ, ਨਾ ਸੋਚਿਆ ਤੂੰ,
ਪਰਾਂ ਦੇ ਬਾਝ ਹੁੰਦੇ ਪਰ ਬਥੇਰੇ ਹੋਰ ਵੀ ਨੇ।
ਹਮੇਸ਼ਾ ਜੂਝਦੇ 'ਜ਼ਖ਼ਮੀ' ਰਹੇ ਨੇ ਸ਼ਿਅਰ ਮੇਰੇ,
ਇਨ੍ਹਾਂ ਨੂੰ ਦੇਖ ਨਾ ਬੁੱਕ-ਭਰ ਬਥੇਰੇ ਹੋਰ ਵੀ ਨੇ।

**ਕਰਮ ਸਿੰਘ ਜ਼ਖ਼ਮੀ**
**ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)**
**ਸੰਪਰਕ: 98146-28027**

## ਮਾਂ


ਮਾਂ ਦਾ ਰਿਸ਼ਤਾ ਨਿਰਸਵਾਰਥ
ਹਰ ਦੁੱਖ ਸਹਿੰਦੀ
ਕਿਸੇ ਨੂੰ ਕੁਝ ਨਹੀਂ ਕਹਿੰਦੀ
ਬੱਚਿਆਂ ਦੀ ਮੁਸਕਾਨ ਹੀ
ਵੱਡਾ ਖਜ਼ਾਨਾ ਮਾਂ ਲਈ
ਬੱਚਿਆਂ ਦੇ ਪਿਆਰ ਵਿੱਚ
ਕੋਈ ਦਵੈਤ ਨਹੀਂ
ਭਾਵੇਂ ਧੀ  ਹੋਵੇ ਜਾਂ ਪੁੱਤ
ਹਮੇਸ਼ਾ ਇੱਕ ਨਜ਼ਰ ਨਾਲ ਵੇਖਦੀ
ਸਿੰਜਦੀ,ਪਾਲਦੀ ਵੱਧਦਿਆਂ - ਫੁਲਦਿਆ ਤੱਕਦੀ
ਸੱਤ ਸਮੁੰਦਰੋਂ ਪਾਰ ਵੀ
ਫੋਨ ਉਡੀਕਦੀ ਤੇ ਕੰਨਾਂ ਵਿੱਚ ਰਸ ਘੋਲਦੀ
ਧੀਆਂ -ਪੁੱਤਰਾਂ ਦੀ ਸ਼ਾਇਦ
ਉਸਨੂੰ ਇਹ ਆਵਾਜ਼ ਤ੍ਰਿਪਤੀ ਦਿੰਦੀ ਦੂਰੀਆਂ ਦਾ
ਦਰਦ ਮੇਟਦੀ
ਕਹਿੰਦੀ ਧੀਏ ਬਸ ਤੇਰੀ
ਆਵਾਜ਼ ਹੀ ਸੁਣਨੀ ਸੀ
ਮੈਂ ਇੱਥੇ ਵੀ ਬਹੁਤ ਖੁਸ਼ ਹਾਂ ਇੱਕ ਆਸ
ਬੱਝਦੀ ਮਾਂ ਦੇ ਮਨ ਵਿੱਚ
ਜੋ ਵੇਖ -ਵੇਖ ਜਿਉਂਦੀ ਸੀ
ਹੁਣ ਸਿਰਫ਼ ਤੇ ਸਿਰਫ਼
ਆਵਾਜ਼ ਹੀ ਉਸਦਾ
ਸਹਾਰਾ
ਅੰਤਾਂ ਦਾ ਸਕੂਨ ਮਿਲਦਾ
ਮਾਂ ਦੀ ਆਵਾਜ਼ ਸੁਣ ਕੇ
ਮੈਨੂੰ ਵੀ
ਸਾਰਾ ਦਿਨ ਮਨ ਗ਼ੁਲਾਬ ਦੇ
ਫੁੱਲ ਵਾਂਗ ਮਹਿਕਦਾ ਰਹਿੰਦਾ।



**ਨਰਿੰਦਰ ਕੌਰ ਬਰਨਾਲਾ**

## ਯੁੱਧ ਬਨਾਮ ਬਰਬਾਦੀ

ਆ ਗਈਆਂ ਅੜੀ ਉੱਤੇ ਸਰਕਾਰਾਂ,
ਆ ਲੁੱਟੀਆਂ  ਜਾਣੀਆਂ ਮੌਜ਼ ਬਹਾਰਾਂ
ਹੋਣੀਂ ਹਰ ਪਾਸੇ ਬਰਬਾਦੀ,
ਬੰਬ ਤੇ ਗੋਲ਼ੇ ਬਰਸਣਗੇ ,
ਮੋਏ ਪੁੱਤ ਵਾਪਸ ਨਹੀਂ ਆਉਣੇ,
ਮਾਪੇ ਮਿਲ਼ਣ ਨੂੰ ਤਰਸਣਗੇ,
ਜਿਉਂਦੇ ਪੁੱਤ ਵਾਪਸ ਨਹੀਂ ਆਉਣੇ,
ਬੱਚੇ ਬਾਪ ਨੂੰ ਤਰਸਣਗੇ
ਰੁੱਲਣੀ ਭੈਣ ਦੇ ਹੱਥ ਦੀ ਰੱਖੜੀ,
ਟੁੱਟਣੀ ਕਿਸੇ ਸੁਹਾਗ ਦੀ ਨੱਥੜੀ ,
ਬੱਚੇ ਹੋਣੇ ਬੜੇ ਯਤੀਮ ਜੋ,
ਵਾਂਗ ਲਵਾਰਿਸਾਂ ਭਟਕਣਗੇ,
ਮੋਏ ਪੁੱਤ ਵਾਪਸ ਨਹੀਂ ਆਉਣੇ,
ਮਾਪੇ ਮਿਲ਼ਣ ਨੂੰ ਤਰਸਣਗੇ,
ਜੰਗ ਨੂੰ ਗਏ ਵਾਪਸ ਨਹੀਂ ਆਉਣੇ
ਜਿਉਂਦੇ ਪੁੱਤ ਵਾਪਸ ਨਹੀਂ ਆਉਣੇ
ਬੱਚੇ ਬਾਪ ਨੂੰ ਤਰਸਣਗੇ,
ਚਿੜੀਆਂ ਮਰਨ ਗਵਾਰਾਂ ਹਾਸਾ
(ਨਾਟੋ ਸ਼ਾਟੋਆਂ ਲਈ ਤਮਾਸ਼ਾ)
ਰੁੱਲਣੀਆਂ ਬੇਲਿਆਂ ਦੇ ਵਿੱਚ ਲਾਸ਼ਾਂ,
ਸੀਨੇ ਜਿਉਂ ਛਾਨਣੀ ਛੱਲਣੀ
ਵਾਂਗ ਪੰਖੇਰੂਆਂ ਤੜਫਣਗੇ
ਜੰਗ ਨੂੰ ਗਏ ਘਰੀਂ ਨਾ ਮੁੜਣੇ
ਮਾਪੇ ਮਿਲ਼ਣ ਨੂੰ ਤਰਸਣਗੇ,
ਜਿਉਂਦੇ ਪੁੱਤ ਵਾਪਸ ਨਹੀਂ ਆਉਣੇ,
ਬੱਚੇ ਬਾਪ ਨੂੰ ਤਰਸਣਗੇ
ਰੁੱਲਣੀ ਬੇਸ਼ਕੀਮਤੀ ਪੂੰਜੀ
(ਸੱਤਾ ਵਿੱਚ ਨਸ਼ੇ ਦੇ ਊਂਧੀ,)
ਚੀਖ਼ਾਂ ਜਾਣ ਕੰਨਾਂ ਵਿੱਚ ਗੂੰਜੀ
ਰਹਿਣੇ ਪ੍ਰਿੰਸ ਜ਼ਖ਼ਮ ਨੇ ਅੱਲ੍ਹੇ
ਜੋ ਅੱਖਾਂ ਵਿੱਚ ਰੜਕਣਗੇ
ਜਿਉਂਦੇ ਪੁੱਤ ਘਰੀਂ ਨਾ ਮੁੜਣੇ
ਮਾਪੇ ਮਿਲ਼ਣ ਨੂੰ ਤਰਸਣਗੇ
ਜੰਗ ਨੂੰ ਗਏ ਵਾਪਸ ਨਹੀਂ ਆਉਣੇ,
ਬੱਚੇ ਮਿਲ਼ਣ ਨੂੰ ਤਰਸਣਗੇ



**ਰਣਬੀਰ ਸਿੰਘ ਪ੍ਰਿੰਸ**
**ਸ਼ਾਹਪੁਰ ਕਲਾਂ**
**ਆਫ਼ਿਸਰ ਕਾਲੋਨੀ ਸੰਗਰੂਰ**
9872299613

## ਘੁੱਟਦਾ ਸਾਹ ਹਵਾਵਾਂ ਦਾ

ਚਲਦਾ ਦੌਰ ਬਲਾਵਾਂ ਦਾ।
ਘੁੱਟਦਾ ਸਾਹ ਹਵਾਵਾਂ ਦਾ।

ਪਲਾਂ ਛਿਣਾਂ ਵਿਚ ਡੁੱਬ ਗਿਆ,
ਤਾਰੂ ਸੀ ਦਰਿਆਵਾਂ ਦਾ।

ਲੱਖ ਭੁਲਾਇਆਂ ਭੁੱਲਦਾ ਨਾ,
ਚਿਹਰਾ ਉਮਰ ਭਰ ਮਾਂਵਾਂ ਦਾ।

ਹਾਕਮ ਦੀ ਕਠਪੁਤਲੀ ਉਹੀ,
ਭੁੱਖਾ ਜੋ ਇੱਛਾਵਾਂ ਦਾ ।


ਸਭਕੁੱਝ ਏਥੇ ਛੱਡ ਜਾਣਾ ,
ਟੁੱਟਿਆ ਰਿਸ਼ਤਾ ਸਾਹਵਾਂ ਦਾ।

ਚਾਨਣ ਵਿੱਚ ਕੁੱਝ ਦਿਸਦਾ ਨਾ,
ਏਨਾ ਨੇਰ ਘਟਾਵਾਂ ਦਾ ।

ਚਲੋ ਚਲੀ ਦਾ ਮੇਲਾ ਰਾਜਨ ,
ਬਣਜਾ ਰਾਹੀ ਰਾਹਵਾਂ ਦਾ।



**ਰਜਿੰਦਰ ਸਿੰਘ ਰਾਜਨ**
**ਗੁਰੂ ਗੋਬਿੰਦ ਸਿੰਘ ਨਗਰ ਗਲੀ ਨੂੰ1**
**ਹਰੇੜੀ ਰੋਡ ਸੰਗਰੂਰ।**
**9876184954**



# ਸਿਰਲੇਖ: ਮੇਰੀ ਕਹਾਣੀ - ਰੋੜ੍ਹ ਤੋਂ ਕਰੋੜਪਤੀ ਬਣਨ ਦੀ (ਭਾਗ-1)

ਮੇਰਾ ਜਨਮ ਪਿੰਡ ਖੁਰਦਪੁਰ ਜਿਲ੍ਹਾ ਜਲੰਧਰ (ਪੰਜਾਬ) ਵਿੱਚ ਸਰਦਾਰ ਬਚਿੰਤ ਸਿੰਘ ਤੇ ਪ੍ਰੀਤਮ ਕੌਰ ਦੇ ਘਰ ਹੋਇਆ । ਮੇਰਾ ਵੱਡਾ ਭਰਾ ਪਿਆਰਾ ਸਿੰਘ ਮੇਰੇ ਤੋਂ ਉਮਰ ਵਿੱਚ ਕਾਫੀ ਵੱਡਾ ਸੀ ਜੋ ਭਾਰਤੀ ਹਵਾਈ ਸੈਨਾ ਵਿੱਚ ਨੌਕਰੀ ਕਰਦਾ ਸੀ । ਉਸ ਦਾ ਬੇਟਾ ਮੇਰਾ ਹਾਣੀ ਸੀ ਅਤੇ ਬੇਟੀ ਪੰਜ ਕੁ ਸਾਲ ਛੋਟੀ ਸੀ । ਅਜੇ ਮੈਂ ਦੋ ਸਾਲ ਦਾ ਹੀ ਸੀ ਕਿ ਮੇਰੇ ਪਿਤਾ ਜੀ ਦੀ ਮੌਤ ਹੋ ਗਈ । ਮਾਤਾ ਜੀ ਬਿਮਾਰ ਰਹਿੰਦੇ ਸਨ ਜਿਸ ਕਾਰਣ ਮੇਰਾ ਪਾਲਣ ਪੋਸ਼ਣ ਮੇਰੇ ਭਰਾ ਪਿਆਰਾ ਸਿੰਘ ਅਤੇ ਭਰਜਾਈ ਗੁਰਦੇਵ ਕੌਰ ਜੀ ਨੇ ਆਪਣੇ ਬੱਚਿਆਂ ਵਾਂਗ ਕੀਤਾ । ਭਰਾ ਭਰਜਾਈ ਦੇ ਦੋ ਬੱਚੇ ਸਨ । ਭਰਜਾਈ ਤਾਂ ਰਿਸ਼ਤੇ ਵਿੱਚ ਹੀ ਭਰਜਾਈ ਸੀ ਪਰ ਉਸ ਨੇ ਮੇਰੇ ਪ੍ਰਤੀ ਮਾਂ ਵਾਲੀਆਂ ਸਭ ਜਿੰਮੇਵਾਰੀਆਂ ਨਿਭਾਈਆਂ । ਭਰਜਾਈ ਦੇ ਬੱਚਿਆਂ ਅਤੇ ਮੇਰੇ ਵਿੱਚ ਕੋਈ ਫਰਕ ਨਾ ਪਵੇ, ਇਸ ਕਰਕੇ ਮੇਰੇ ਅਤੇ ਆਪਣੇ ਬੇਟੇ ਦੇ ਕੱਪੜੇ ਵੀ ਇੱਕੋ ਜਿਹੇ ਹੀ ਪਾਏ ਜਾਂਦੇ । ਭਰਾ ਦਾ ਬੇਟਾ ਭਾਰਤੀ ਹਵਾਈ ਸੈਨਾ ਦੇ ਸਕੂਲ ਵਿੱਚ ਵਧੀਆ ਪੜ੍ਹਾਈ ਕਰ ਸਕਦਾ ਸੀ ਪਰ ਮੈਂ ਨਹੀਂ । ਇਸ ਕਰਕੇ ਭਤੀਜੇ ਨੂੰ ਅਤੇ ਮੈਨੂੰ ਸਰਕਾਰੀ ਸਕੂਲ ਵਿੱਚ ਹੀ ਦਸਵੀਂ ਤੱਕ ਪੜ੍ਹਾਇਆ ਗਿਆ ਤਾਂ ਕਿ ਸਾਡੇ ਮਨ ਵਿੱਚ ਕੋਈ ਫਰਕ ਨਾ ਪਵੇ । ਮੇਰੇ ਭਰਾ ਦੀ ਤਨਖਾਹ ਨਾਲ ਹੀ ਘਰ ਦਾ ਸਾਰਾ ਖਰਚਾ ਚੱਲਦਾ ਸੀ । ਅਸੀਂ ਪਰਿਵਾਰ ਵਿੱਚ ਤਿੰਨ ਜਣੇ ਵੱਡੇ ਸੀ ਅਤੇ ਤਿੰਨ ਬੱਚੇ ਸੀ । ਖੇਤੀਬਾੜੀ ਵਾਸਤੇ ਆਪਣੀ ਜ਼ਮੀਨ ਬਹੁਤ ਘੱਟ ਸੀ ਜੋ ਕਨਾਲਾਂ ਵਿੱਚ ਹੀ ਹਿੱਸੇ ਆਉਂਦੀ ਸੀ । ਇਸ ਕਰਕੇ ਛੋਟੇ ਹੁੰਦਿਆਂ ਹੀ ਮੇਰੇ ਦਿਲ ਵਿੱਚ ਜਲਦੀ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੀ ਇੱਛਾ ਪੈਦਾ ਹੋ ਗਈ । ਉਨ੍ਹਾਂ ਦਿਨਾਂ ਵਿੱਚ ਲੋਕਾਂ ਕੋਲ ਕਾਰਾਂ ਬਹੁਤ ਘੱਟ ਹੁੰਦੀਆਂ ਸਨ । ਜਿਆਦਾ ਲੋਕ ਸਾਇਕਲਾਂ ਦੀ ਹੀ ਵਰਤੋਂ ਕਰਦੇ ਸਨ । ਉਨ੍ਹਾਂ ਦਿਨਾਂ ਵਿੱਚ ਪੰਜਾਬ ਵਿੱਚ ਬਹੁਤ ਘੱਟ ਪੈਸਾ ਸੀ ਪਰ ਲੋਕ ਛੋਟੀਆਂ ਛੋਟੀਆਂ ਪ੍ਰਾਪਤੀਆਂ ਦੀ ਵੀ ਖੁਸ਼ੀ ਮਨਾਉਂਦੇ ਹੁੰਦੇ ਸਨ । ਜੇ ਕੋਈ ਨਵਾਂ ਸਾਇਕਲ ਖਰੀਦ ਲੈਂਦਾ ਤਾਂ ਉਸ ਨੂੰ ਵਧਾਈਆਂ ਦਿੰਦੇ । ਮੈਂ ਅਜੇ ਪੰਜ ਛੇ ਸਾਲ ਦਾ ਹੀ ਸੀ ਕਿ ਘਰਦਿਆਂ ਨੂੰ ਕਹਿਣ ਲੱਗ ਪਿਆ ਕਿ ਵੱਡਾ ਹੋ ਕੇ ਮੈਂ ਕਾਰਾਂ ਵਿੱਚ ਫਿਰਨਾ ਹੈ । ਘਰਦੇ ਹੱਸ ਕੇ ਟਾਲ ਦਿੰਦੇ । ਮੈਂ ਇਹ ਗੱਲ ਵਾਰ ਵਾਰ ਕਰਦਾ ਰਿਹਾ । ਮੈਨੂੰ ਜਾਗਦਿਆਂ ਵੀ ਸੁਪਨੇ ਕਾਰਾਂ ਦੇ ਹੀ ਆਉਂਦੇ ਸਨ ਪਰ ਕਾਰ ਆਵੇਗੀ ਕਿਵੇਂ, ਕਿੱਥੋਂ ਆਵੇਗੀ ਅਤੇ ਉਸ ਲਈ ਮੈਨੂੰ ਕਿੰਨਾ ਸੰਘਰਸ਼ ਕਰਨਾ ਪਵੇਗਾ ? ਇਸ ਸਭ ਤੋਂ ਮੈਂ ਅਣਜਾਣ ਸੀ । ਸਰਕਾਰੀ ਸਕੂਲ ਵਿੱਚ ਪੜ੍ਹਾਈ ਕਰਦਿਆਂ ਮੈਂ ਪਹਿਲੀ ਤੋਂ ਦਸਵੀਂ ਜਮਾਤ ਤੱਕ ਜਿਆਦਾ ਤੌਰ ਤੇ ਪਹਿਲੇ ਦਰਜ਼ੇ ਵਿੱਚ ਪਾਸ ਹੋਇਆ । ਪਹਿਲੇ ਦਰਜ਼ੇ ਵਿੱਚ ਆਉਣ ਦੀ ਪ੍ਰੇਰਨਾ ਵੀ ਮੈਨੂੰ ਆਪਣੇ ਭਰਾ ਤੋਂ ਹੀ ਮਿਲੀ । ਪੜ੍ਹਾਈ ਵਿੱਚ ਹੁਸ਼ਿਆਰ ਹੋਣ ਕਾਰਣ ਉਸ ਨੂੰ ਮੇਰੇ ਤੋਂ ਬਹੁਤ ਆਸਾਂ ਸਨ । ਜਦੋਂ ਵੀ ਕਿਸੇ ਕਿਤਾਬ ਦੀ ਮੈਂ ਮੰਗ ਕਰਦਾ, ਉਸੇ ਸਮੇਂ ਭਰਾ ਉਹ ਮੰਗ ਪੂਰੀ ਕਰ ਦਿੰਦਾ । ਸਾਡੇ ਰਿਸ਼ਤੇਦਾਰਾਂ ਵਿੱਚ ਕਦੇ ਕੋਈ ਬੱਚਾ ਦਸਵੀਂ ਜਮਾਤ ਵਿੱਚੋਂ ਪਹਿਲੇ ਦਰਜ਼ੇ ਵਿੱਚ ਪਾਸ ਨਹੀਂ ਹੋਇਆ ਸੀ । ਇਸ ਕਰਕੇ ਮੇਰਾ ਭਰਾ ਚਾਹੁੰਦਾ ਸੀ ਕਿ ਮੈਂ ਦਸਵੀਂ ਵਿੱਚੋਂ ਪਹਿਲੇ ਦਰਜ਼ੇ ਵਿੱਚ ਪਾਸ ਹੋ ਕੇ ਰਿਸ਼ਤੇਦਾਰੀ ਵਿੱਚ ਪਹਿਲਾ ਬੱਚਾ ਬਣਾਂ । ਮੈਂ ਦਸਵੀਂ ਵਿੱਚੋਂ ਵੀ ਪਹਿਲਾ ਦਰਜ਼ਾ ਲੈ ਕੇ ਭਰਾ ਦੀ ਇੱਛਾ ਪੂਰੀ ਕਰ ਦਿੱਤੀ ਸੀ । ਉਸ ਦਿਨ ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ । ਮੈਂ ਘਰਦਿਆਂ ਦੇ ਬਿਨਾਂ ਕਹੇ ਤੋਂ ਹੀ ਬਹੁਤ ਪੜ੍ਹਦਾ ਸੀ । ਕਦੇ ਕਦੇ ਮੈਨੂੰ ਪੜ੍ਹਦਿਆਂ ਰਾਤ ਦੇ ਤਿੰਨ ਵੀ ਵੱਜ ਜਾਂਦੇ ਹੁੰਦੇ ਸੀ । ਭਾਜੀ ਨੇ ਮੈਨੂੰ ਸੁੱਤੇ ਉੱਠ ਕੇ ਵੀ ਕਹਿਣਾ ਕਿ ਹੁਣ ਤੂੰ ਸੌਂ ਜਾ ਪਰ ਸ਼ਾਇਦ ਮੇਰੇ ਸੁਪਨੇ ਮੈਨੂੰ ਸੌਣ ਨਹੀਂ ਦਿੰਦੇ ਸਨ । ਦਸਵੀਂ ਤੋਂ ਅੱਗੇ ਪੜ੍ਹਾਈ ਮਹਿੰਗੀ ਹੋਣ ਕਾਰਣ ਪੜ੍ਹਾਈ ਛੱਡਣ ਦਾ ਫੈਸਲਾ ਕਰ ਲਿਆ । ਮੇਰੇ ਅਧਿਆਪਕਾਂ ਨੇ ਕੋਸ਼ਿਸ਼ ਕੀਤੀ ਕਿ ਮੈਨੂੰ ਸਰਕਾਰ ਵਲੋਂ ਪੜ੍ਹਾਈ ਵਿੱਚ ਕੋਈ ਮੱਦਦ ਮਿਲ ਸਕੇ ਪਰ ਇਸ ਤਰ੍ਹਾਂ ਨਹੀਂ ਹੋ ਸਕਿਆ । ਦਸਵੀਂ ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਮੈਂ ਲਾਗੇ ਦੇ ਸ਼ਹਿਰ ਆਦਮਪੁਰ ਤੋਂ ਟਾਈਪ ਕਰਨੀ ਸਿੱਖ ਲਈ ਸੀ । ਸਕੂਲ ਛੱਡ ਕੇ ਕੰਮ ਦੇ ਨਾਲ ਨਾਲ ਮੈਂ ਘਰ ਵਿੱਚ ਹੀ ਅੰਗਰੇਜ਼ੀ ਸਿੱਖਣੀ ਸ਼ੁਰੂ ਕਰ ਦਿੱਤੀ । ਹਰ ਰੋਜ਼ ਮੈਂ ਅੰਗਰੇਜ਼ੀ ਦੇ ਦੋ ਸ਼ਬਦਾਂ ਦੇ ਦੋ ਪੰਨੇ ਲਿਖਦਾ ਜਿਸ ਨਾਲ ਮੇਰੀ ਲਿਖਣ ਵਿੱਚ ਮੁਹਾਰਤ ਵਧੀ ਅਤੇ ਸਪੈਲਿੰਗ ਵੀ ਯਾਦ ਹੋ ਗਏ । ਸਕੂਲ ਛੱਡਣ ਤੋਂ ਬਾਦ ਤਿੰਨ ਚਾਰ ਜਗ੍ਹਾ ਨੌਕਰੀ ਪੁੱਛੀ ਜਿੱਥੋਂ ਕੋਰਾ ਜਵਾਬ ਹੀ ਮਿਲਿਆ । ਜਦ ਤਿੰਨ ਚਾਰ ਜਗ੍ਹਾ ਨੌਕਰੀ ਤੋਂ ਜਵਾਬ ਮਿਲ ਗਿਆ ਤਾਂ ਮੈਂ ਫੈਸਲਾ ਕੀਤਾ ਕਿ ਮੈਂ ਇੰਡੀਆ ਵਿੱਚ ਕਦੇ ਵੀ ਕਿਸੇ ਤੋਂ ਨੌਕਰੀ ਨਹੀਂ ਪੁੱਛਾਂਗਾ । ਫਿਰ ਮੈਂ ਪ੍ਰਿੰਟਿੰਗ ਪ੍ਰੈੱਸ ਦਾ ਕੰਮ ਸਿੱਖਣਾ ਸ਼ੁਰੂ ਕੀਤਾ । ਕੁੱਝ ਚਿਰ ਜਲੰਧਰ ਵਿੱਚ ਵੀ ਦਿਨ ਰਾਤ ਪ੍ਰਿੰਟਿੰਗ ਦਾ ਕੰਮ ਠੇਕੇ ਤੇ ਕੀਤਾ । ਆਦਮਪੁਰ ਤੋਂ ਜਲੰਧਰ ਤੱਕ ਮੈਂ ਸਾਇਕਲ ਤੇ ਹੀ ਸਫ਼ਰ ਕਰਦਾ ਸੀ ਜੋ 40 ਕਿਲੋਮੀਟਰ ਤੋਂ ਵੀ ਵੱਧ ਹੁੰਦਾ ਸੀ । ਤਕਰੀਬਨ 18 ਕੁ ਸਾਲ ਦੀ ਉਮਰ ਵਿੱਚ ਬੈਂਕ ਤੋਂ ਕਰਜ਼ਾ ਲੈ ਕੇ ਛਾਪੇ ਖਾਨੇ (ਪ੍ਰਿੰਟਿੰਗ ਪ੍ਰੈੱਸ) ਦਾ ਕਾਰੋਬਾਰ ਆਪਣੇ ਨਾਲ ਲਗਦੇ ਸ਼ਹਿਰ ਆਦਮਪੁਰ ਦੋਆਬਾ (ਜਲੰਧਰ) ਵਿੱਚ ਸ਼ੁਰੂ ਕੀਤਾ ਜੋ ਬਹੁਤ ਕਾਮਯਾਬੀ ਨਾਲ ਚੱਲਿਆ । ਇਹ ਕਾਰੋਬਾਰ ਡਾਂਸਰ ਪ੍ਰਿੰਟਿੰਗ ਪ੍ਰੈੱਸ ਦੇ ਨਾਮ ਤੇ ਆਦਮਪੁਰ ਦੋਆਬਾ ਵਿੱਚ ਚੱਲਦਾ ਸੀ । ਕੁੱਝ ਮਹੀਨੇ ਬਾਦ ਹੀ ਮੇਰਾ ਪ੍ਰਿੰਟਿੰਗ ਦਾ ਕੰਮ ਦਿਨ ਰਾਤ ਚੱਲਣਾ ਸ਼ੁਰੂ ਹੋ ਗਿਆ ਸੀ । ਕਿਤਾਬਾਂ ਅਤੇ ਮੈਗਜ਼ੀਨਾਂ ਛਾਪਦੇ ਛਾਪਦੇ ਪੜ੍ਹਨੀਆਂ ਵੀ ਪੈਂਦੀਆਂ ਸਨ । ਇਸ ਤਰ੍ਹਾਂ ਮੈਨੂੰ ਕਿਤਾਬਾਂ ਪੜ੍ਹਨ ਦੀ ਆਦਤ ਪੈ ਗਈ । ਮੇਰੇ ਕੋਲ ਜੋਤਿਸ਼ੀ ਵੀ ਛਪਾਈ ਕਰਵਾਉਣ ਆਉਂਦੇ ਸਨ । ਉਨ੍ਹਾਂ ਨਾਲ ਗੱਲ ਕਰਦਿਆਂ ਮੈਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਪਰਿਵਾਰਾਂ ਵਿੱਚ ਵੀ ਹੋਰ ਲੋਕਾਂ ਵਾਂਗ ਸਮੱਸਿਆਵਾਂ ਹਨ । ਮੈਨੂੰ ਯਕੀਨ ਹੋ ਗਿਆ ਕਿ ਜੋਤਿਸ਼ ਵਿੱਦਿਆ ਵਿੱਚ ਕੋਈ ਸਚਾਈ ਨਹੀਂ ਹੈ । ਛੋਟੇ ਹੁੰਦੇ ਹੀ ਧਾਰਮਿਕ ਅਸਥਾਨਾਂ ਤੇ ਜਾਣ ਦਾ ਅਤੇ ਹਰ ਕੰਮ ਲਈ ਸੁੱਖਾਂ ਸੁੱਖਣ ਦਾ ਰੁਝਾਨ ਸੀ । ਕਦੇ ਕਦੇ ਕੋਈ ਸੁੱਖ ਪੂਰੀ ਹੋ ਜਾਂਦੀ ਪਰ ਬਹੁਤੀ ਵਾਰ ਨਿਰਾਸ਼ਾ ਹੀ ਪੱਲੇ ਪੈਂਦੀ । ਧਾਰਮਿਕ ਅਸਥਾਨਾਂ ਤੇ ਹੁੰਦੇ ਪ੍ਰਚਾਰ ਨੇ ਤੇ ਅਗਲੇ ਪਿਛਲੇ ਜਨਮਾਂ ਦੀਆਂ ਕਹਾਣੀਆਂ ਨੇ ਮੇਰੇ ਮਨ ਵਿੱਚ ਬਹੁਤ ਸਵਾਲ ਖੜ੍ਹੇ ਕਰ ਦਿੱਤੇ ਜਿਸ ਕਾਰਣ ਮੇਰੇ ਵਿਚਾਰ ਤਰਕਸ਼ੀਲ ਬਣ ਗਏ ਭਾਵ ਮੈਂ ਹਰ ਘਟਨਾ ਬਾਰੇ ਕੀ, ਕਿਉਂ, ਕਿੱਦਾਂ, ਕਿੱਥੇ ਅਤੇ ਕਿਵੇਂ ਬਾਰੇ ਸੋਚਣ ਲੱਗ ਪਿਆ । ਮੈਨੂੰ ਲੱਗਾ ਕਿ ਕਿਸੇ ਵੀ ਤਰਾਂ ਦੀ ਕੋਈ ਗੈਬੀ ਸ਼ਕਤੀ ਨਹੀਂ ਹੈ । ਮੈਂ ਬਹੁਤ ਡਰਾਉਣੀਆਂ ਥਾਵਾਂ ਤੇ ਰਾਤਾਂ ਨੂੰ ਵੀ ਗਿਆ ਜਿਨ੍ਹਾਂ ਥਾਵਾਂ ਤੇ ਭੂਤ, ਚੁੜੇਲ੍ਹਾਂ ਅਤੇ ਦੇਅ ਹੋਣ ਦੇ ਦਾਅਵੇ ਕੀਤੇ ਜਾਂਦੇ ਸਨ ਪਰ ਮੈਨੂੰ ਕਿਤੇ ਵੀ ਇਨ੍ਹਾਂ ਦੀ ਹੋਂਦ ਨਹੀਂ ਮਿਲੀ । ਇਸ ਤੋਂ ਇਲਾਵਾ ਟੂਣੇ ਟੱਪੇ ਅਤੇ ਚੁੱਕੇ ਪਰ ਕੋਈ ਮਾੜਾ ਅਸਰ ਨਹੀਂ ਹੋਇਆ । ਟੂਣੇ ਦਾ ਨਾਰੀਅਲ ਵੀ ਕਈ ਵਾਰ ਖਾਧਾ । ਬਹੁਤ ਸਾਰੀਆਂ ਸ਼ਮਸ਼ਾਨ ਘਾਟਾਂ ਵਿੱਚ ਰਾਤਾਂ ਨੂੰ ਗਿਆ ਪਰ ਉਥੇ ਕਦੇ ਵੀ ਕਿਸੇ ਭੂਤ ਚੁੜੇਲ ਨੇ ਮੇਰਾ ਰਾਹ ਨਹੀਂ ਰੋਕਿਆ । ਮੈਨੂੰ ਲੱਗਾ ਕਿ ਇਹ ਸਭ ਕੁੱਝ ਮਨੁੱਖੀ ਡਰ ਵਿੱਚੋਂ ਹੀ ਉਪਜਿਆ ਹੋਇਆ ਹੈ । ਕਈ ਸਾਧਾਂ ਸੰਤਾਂ ਕੋਲ ਜਾ ਕੇ ਉਨ੍ਹਾਂ ਦੀ ਪਰਖ ਦੌਰਾਨ ਪਤਾ ਲੱਗਾ ਕਿ ਉਨ੍ਹਾਂ ਵਿੱਚ ਕੋਈ ਸ਼ਕਤੀ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਦੀ ਸ਼ਕਤੀ ਨਾਲ ਕਿਸੇ ਦੇ ਕੋਈ ਕੰਮ ਹੋ ਰਹੇ ਸਨ ਪਰ ਫਿਰ ਵੀ ਉਨ੍ਹਾਂ ਦੇ ਡੇਰਿਆਂ ਤੇ ਲੋਕ ਲਾਈਲੱਗਤਾ ਕਾਰਣ ਦਿਨੋਂ ਦਿਨ ਵਧ ਰਹੇ ਸਨ । ਮੈਨੂੰ ਲੱਗਾ ਕਿ ਲੋਕਾਂ ਦੀ ਡੇਰਿਆਂ ਤੇ ਭੀੜ ਵਧਣ ਦਾ ਕਾਰਣ ਸੀ ਕਿ ਲੋਕ ਆਪਣੇ ਮਸਲਿਆਂ ਦਾ ਸੌਖਾ ਹੱਲ ਲੱਭਦੇ ਸੀ ਜੋ ਕਿ ਹੁੰਦਾ ਵੀ ਨਹੀਂ ਸੀ ਪਰ ਮੈਂ ਤਰਕ ਦੇ ਅਧਾਰ ਤੇ ਸੋਚਣ ਕਾਰਣ ਭੀੜ ਤੋਂ ਅਲੱਗ ਹੋ ਗਿਆ । ਜਿੱਥੋਂ ਤੱਕ ਮੈਂ ਜਾਣਦਾ ਹਾਂ ਉਸ ਸਮੇਂ ਆਪਣੇ ਪਿੰਡ ਵਿੱਚੋਂ ਮੈਂ ਇਕੱਲਾ ਹੀ ਤਰਕਸ਼ੀਲ ਸੀ । ਤਰਕ ਦੇ ਅਧਾਰ ਤੇ ਸੋਚਣ ਨਾਲ ਮੈਨੂੰ ਉਨ੍ਹਾਂ ਸਵਾਲਾਂ ਦੇ ਜਵਾਬ ਵੀ ਮਿਲਣ ਲੱਗੇ ਜਿਹੜੇ ਮੇਰੇ ਵਾਸਤੇ ਧਾਰਮਿਕ ਹੁੰਦਿਆਂ ਮਿਲਣੇ ਮੁਸ਼ਕਲ ਸਨ । ਮਾਨਸਿਕ ਤੌਰ ਤੇ ਮੈਂ ਮਜ਼ਬੂਤ ਹੋ ਗਿਆ ਅਤੇ ਸਮੱਸਿਆਵਾਂ ਨਾਲ ਲੜਨ ਦੀ ਮੇਰੀ ਸ਼ਕਤੀ ਵਧੀ । ਮੈਂ ਹੱਥ ਜੋੜਨ, ਪ੍ਰਾਰਥਨਾ ਕਰਨ, ਮੱਥੇ ਟੇਕਣ ਅਤੇ ਸੁੱਖਾਂ ਸੁੱਖਣ ਤੋਂ ਬਾਗੀ ਹੋ ਗਿਆ । ਮੈਨੂੰ ਨਰਕ ਸਵਰਗ ਤੋਂ ਮੁਕਤੀ ਮਿਲ ਗਈ ਭਾਵ ਮੈਂ ਇਸੇ ਧਰਤੀ ਤੇ ਜਿਉਂਦਿਆਂ ਹੀ ਸਵਰਗ ਦੀ ਭਾਲ ਕਰਨ ਲੱਗਾ । ਉਸ ਸਮੇਂ ਪੰਜਾਬ ਦੇ ਹਲਾਤ ਬਹੁਤੇ ਸੁਖਾਵੇਂ ਨਹੀਂ ਸਨ । ਸਾਡੇ ਲਾਗੇ ਏਅਰਪੋਰਟ ਹੋਣ ਕਾਰਣ ਅਕਸਰ ਨੇਤਾ ਪੰਜਾਬ ਦਾ ਦੌਰਾ ਕਰਨ ਲਈ ਇਥੇ ਹੀ ਉਤਰਦੇ ਸਨ । ਉਨ੍ਹਾਂ ਦੇ ਉਤਰਨ ਚੜ੍ਹਨ ਸਮੇਂ ਕਈ ਵਾਰ ਦੁਕਾਨਾਂ ਬੰਦ ਵੀ ਕਰਨੀਆਂ ਪੈਂਦੀਆਂ ਸਨ ਜਾਂ ਉਸ ਸਮੇਂ ਦੁਕਾਨਾਂ ਤੇ ਆਉਣ ਵਾਲੇ ਗਾਹਕਾਂ ਨੂੰ ਮੁਸ਼ਕਿਲਾਂ ਆਉਂਦੀਆਂ ਸਨ । **(ਚੱਲਦਾ)**



**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
**ਜੱਦੀ ਪਿੰਡ**
**ਖੁਰਦਪੁਰ (ਜਲੰਧਰ)**
**006421392147**

# ਮਾਂ ਦੀ ਮਹਾਨਤਾ (ਕਹਾਣੀ)

ਸ਼ਨੀਵਾਰ ਦਾ ਦਿਨ ਸੀ। ਸਰਕਾਰੀ ਹਾਈ ਸਕੂਲ, ਨਥਾਣਾ ਦੀ ਸਵੇਰ ਦੀ ਸਭਾ ਲੱਗੀ ਹੋਈ ਸੀ। ਸਕੂਲ ਦੀਆਂ ਵਿਦਿਆਰਥਣਾਂ ਨੇ ਬੈਂਡ ਦੀ ਧੁਨ 'ਤੇ ਰਾਸ਼ਟਰੀ ਗਾਣ ਗਾਇਆ। ਫ਼ਿਰ "ਜੋ ਮਾਂਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ" ਸ਼ਬਦ ਨੂੰ ਸਾਰੀਆਂ ਕੁੜੀਆਂ ਨੇ ਬੜੀ ਰੀਝ ਨਾਲ਼ ਗਾਇਆ। ਨੌਵੀਂ ਜਮਾਤ ਵਿੱਚ ਪੜ੍ਹਦੀ ਹੁਸਨਦੀਪ ਕੌਰ ਨੇ ਪ੍ਰੋ. ਮੋਹਨ ਸਿੰਘ ਦੀ ਲਿਖੀ ਕਵਿਤਾ "ਮਾਂ ਜਿਹਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ" ਉੱਚੀ ਸੁਰ ਅਤੇ ਸੁਰੀਲੀ ਅਵਾਜ਼ ਵਿੱਚ ਅਜਿਹਾ ਗਾਇਆ, ਜਿਵੇਂ ਸਮਾਂ ਹੀ ਬੰਨ੍ਹ ਕੇ ਰੱਖ ਦਿੱਤਾ ਹੋਵੇ। ਇਸ ਉਪਰੰਤ ਹੈੱਡਮਾਸਟਰ ਧਰਮਪਾਲ ਨੇ ਮਨਾਏ ਜਾ ਰਹੇ ਅੰਤਰਰਾਸ਼ਟਰੀ ਮਾਂ ਦਿਵਸ ਦੇ ਸੰਬੰਧ ਵਿੱਚ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ- "ਪਿਆਰੇ ਵਿਦਿਆਰਥੀਓ! ਇਸ ਸੰਸਾਰ ਵਿੱਚ ਸਭ ਤੋਂ ਅਨੋਖਾ ਅਤੇ ਅਦਭੁਤ ਸ਼ਬਦ ਜੇਕਰ ਕੋਈ ਹੈ ਤਾਂ ਉਹ ਹੈ 'ਮਾਂ' ਸ਼ਬਦ। 'ਮਾਂ' ਜਿਸ ਨੂੰ ਜ਼ੁਬਾਨ ਤੋਂ ਬੋਲਣ ਨਾਲ਼ ਇੱਕ ਅਦਭੁੱਤ ਰਸ ਦਾ ਅਨੁਭਵ ਹੁੰਦਾ ਹੈ। 'ਮਾਂ' ਸ਼ਬਦ ਸੁਣਨ ਨਾਲ਼ ਕੰਨਾਂ ਵਿੱਚ ਮਿਸ਼ਰੀ ਘੁਲ਼ ਜਾਂਦੀ ਹੈ। 'ਮਾਂ' ਸ਼ਬਦ ਅੱਖਾਂ ਵਿੱਚ ਵਸਾਉਣ ਨਾਲ਼ ਅੱਖਾਂ ਵਿੱਚੋਂ ਨੂਰ ਟਪਕਦਾ ਵਿਖਾਈ ਦਿੰਦਾ ਹੈ। ਜੇਕਰ 'ਮਾਂ' ਸ਼ਬਦ ਦਿਲ ਵਿੱਚ ਉੱਤਰ ਜਾਵੇ ਤਾਂ ਮਮਤਾ ਦਾ ਸਮੁੰਦਰ ਠਾਠਾਂ ਮਾਰਨ ਲੱਗਦਾ ਹੈ। ਸਵੇਰੇ ਉੱਠ ਕੇ ਮਾਂ ਦੇ ਚਰਨਾਂ 'ਤੇ ਪ੍ਰਣਾਮ ਕਰਨ ਨਾਲ਼ ਸਾਡੀ ਹਰ ਸਵੇਰ ਸ਼ੁੱਭ ਹੋ ਜਾਂਦੀ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਆਪਣੀ ਮਾਂ ਦੀ ਸੇਵਾ ਕਰਨ ਨਾਲ਼ ਸਾਡੀ ਕਿਸਮਤ ਹਮੇਸ਼ਾ ਸਾਡਾ ਸਾਥ ਦਿੰਦੀ ਹੈ।"

"ਜੇਕਰ ਸਵੇਰੇ ਉੱਠ ਕੇ ਅਸੀਂ ਆਪਣੀ ਮਾਂ ਦੇ ਚਰਨਾਂ 'ਤੇ ਸੀਸ ਨਹੀਂ ਝੁਕਾਉਂਦੇ ਤਾਂ ਕਿਸੇ ਮੰਦਰ, ਮਸਜਿਦ ਜਾਂ ਗੁਰਦੁਆਰੇ ਜਾ ਕੇ ਮੱਥਾ ਟੇਕਣਾ ਫ਼ਜ਼ੂਲ ਹੈ। ਇਸੇ ਪ੍ਰਕਾਰ ਆਪਣੀ ਮਾਂ ਨੂੰ ਭੋਜਨ ਛਕਾਏ ਬਿਨਾਂ ਪੰਛੀਆਂ ਨੂੰ ਚੋਗਾ ਪਾਉਣ ਦਾ ਕੋਈ ਲਾਭ ਨਹੀਂ ਹੈ। ਮਾਂ ਦੇ ਪੈਰਾਂ ਦੀ ਧੂੜ ਕਿਸੇ ਮੰਦਰ, ਮਸਜਿਦ ਜਾਂ ਗੁਰਦੁਆਰੇ ਵਿੱਚ ਮੱਥਾ ਟੇਕਣ ਤੋਂ ਕਿਤੇ ਉੱਪਰ ਹੈ।" "ਪਿਆਰੇ ਵਿਦਿਆਰਥੀਓ! ਜਿਸ ਪ੍ਰਕਾਰ ਆਪਾਂ ਸਾਰੇ ਜਾਣਦੇ ਹਾਂ, ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿੱਚ ਵਿਚਰਦਿਆਂ ਉਹ ਕਈ ਰਿਸ਼ਤੇ ਨਾਤੇ ਨਿਭਾਉਂਦਾ ਹੈ। ਇਹ ਸਾਰੇ ਰਿਸ਼ਤੇ ਉਸ ਦੇ ਜਨਮ ਤੋਂ ਬਾਅਦ ਦੇ ਹੀ ਹੁੰਦੇ ਹਨ। ਪਰੰਤੂ ਮਾਂ ਦਾ ਹੀ ਇੱਕ ਅਜਿਹਾ ਰਿਸ਼ਤਾ ਹੈ, ਜੋ ਬੱਚੇ ਦੇ ਜਨਮ ਤੋਂ ਵੀ ਨੌਂ ਮਹੀਨੇ ਪਹਿਲਾਂ ਦਾ ਹੁੰਦਾ ਹੈ। ਮਨੁੱਖ ਲਈ ਲਗਪਗ ਸਾਰੇ ਰਿਸ਼ਤੇ ਦੁੱਖ ਅਤੇ ਸੁੱਖ ਦੇ ਪ੍ਰਤੀਕ ਹੁੰਦੇ ਹਨ। ਪਰੰਤੂ ਪੂਰੀ ਦੁਨੀਆਂ ਵਿੱਚ ਮਾਂ ਦਾ ਰਿਸ਼ਤਾ ਹੀ ਇੱਕ ਅਜਿਹਾ ਰਿਸ਼ਤਾ ਹੈ, ਜੋ ਕੇਵਲ ਸੁੱਖ ਦਾ ਪ੍ਰਤੀਕ ਹੈ। ਮਨੁੱਖ ਜਦੋਂ ਬਹੁਤ ਜ਼ਿਆਦਾ ਦੁਖੀ ਹੁੰਦਾ ਹੈ ਤਾਂ ਉਸ ਦੇ ਮੂੰਹੋਂ 'ਮਾਂ' ਸ਼ਬਦ ਹੀ ਨਿੱਕਲਦਾ ਹੈ। ਇਸ ਸੰਸਾਰ ਵਿੱਚ ਹਰ ਰਿਸ਼ਤੇ ਦਾ ਕੋਈ ਨਾ ਕੋਈ ਬਦਲ ਹੈ, ਪਰੰਤੂ ਮਾਂ ਦਾ ਕੋਈ ਬਦਲ ਨਹੀਂ ਹੈ।"

"ਪਿਆਰੇ ਵਿਦਿਆਰਥੀਓ, ਮਾਂ ਕੇਵਲ ਇੱਕ ਸਰੀਰ ਦਾ ਨਾਂ ਨਹੀਂ ਹੈ। ਸਗੋਂ ਮਾਂ ਤਾਂ ਇੱਕ ਸਾਧਨਾ ਹੈ। ਮਾਂ ਇੱਕ ਭਗਤੀ ਹੈ। ਮਾਂ ਇੱਕ ਪੂਜਾ ਹੈ। ਮਾਂ ਤਾਂ ਪ੍ਰਤੱਖ ਤੌਰ 'ਤੇ ਪਰਮਾਤਮਾ ਹੈ। ਮਾਂ ਆਪਣੇ ਆਪ ਵਿੱਚ ਇੱਕ ਧਰਮ ਹੈ। ਇੱਕ ਮੰਦਰ ਹੈ। ਇੱਕ ਤੀਰਥ ਸਥਾਨ ਹੈ। ਮਾਂ ਇੱਕ ਅਜਿਹੀ ਮੂਰਤ ਹੈ, ਜਿਸ ਨੇ ਸਾਡਾ ਸਾਰਿਆਂ ਦਾ ਨਿਰਮਾਣ ਕੀਤਾ ਹੈ। ਇਸ ਲਈ ਸਾਡਾ ਸਾਰਿਆਂ ਦਾ ਇਹ ਨਿਰਛਲ ਫ਼ਰਜ਼ ਬਣਦਾ ਹੈ ਕਿ ਆਪਣੇ ਦੁਆਰਾ ਬਣਾਏ ਪਰਮਾਤਮਾ ਦੀ ਪੂਜਾ ਕਰਨ ਦੀ ਥਾਂ ਉਸ ਮਾਂ ਦੀ ਪੂਜਾ ਕਰੀਏ, ਜਿਸ ਨੇ ਸਾਨੂੰ ਸਾਰਿਆਂ ਨੂੰ ਸਿਰਜਿਆ ਹੈ। ਇਸ ਲਈ ਆਓ! ਮਾਂ ਦਿਵਸ ਦੇ ਪਵਿੱਤਰ ਮੌਕੇ 'ਤੇ ਆਪਾਂ ਸਾਰੇ ਇਹ ਪ੍ਰਣ ਕਰੀਏ ਕਿ ਅਸੀਂ ਆਪੋ ਆਪਣੀ ਮਾਂ ਨੂੰ ਹਮੇਸ਼ਾ ਖ਼ੁਸ਼ ਰੱਖਾਂਗੇ। ਉਸ ਦੀ ਸੇਵਾ ਕਰਾਂਗੇ। ਉਸ ਤੋਂ ਦੁਆਵਾਂ ਪ੍ਰਾਪਤ ਕਰਾਂਗੇ। ਬਹੁਤ- ਬਹੁਤ ਧੰਨਵਾਦ।" ਮੁੱਖ ਅਧਿਆਪਕ ਜੀ ਦੇ ਸ਼ਾਨਦਾਰ ਵਿਚਾਰ ਸੁਣ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬਹੁਤ ਜ਼ੋਰ ਨਾਲ਼ ਤਾੜੀਆਂ ਵਜਾਈਆਂ।

ਧਰਮਪਾਲ ਜੀ ਸਵੇਰ ਦੀ ਸਭਾ ਵਿੱਚ ਆਪਣੇ ਵਿਚਾਰ ਸਾਂਝੇ ਕਰਕੇ ਆਪਣੇ ਦਫ਼ਤਰ ਵਿੱਚ ਚਲੇ ਗਏ। ਸਕੂਲ ਦੇ ਅਧਿਆਪਕਾਂ ਵਿੱਚ ਹੌਲੀ ਆਵਾਜ਼ ਵਿੱਚ ਕਾਨਾਂਫੂਸੀ ਹੋ ਰਹੀ ਸੀ। ਸਹਾਇਕ ਲਾਇਬ੍ਰੇਰੀਅਨ ਧਰਮ ਸਿੰਘ ਪੰਜਾਬੀ ਅਧਿਆਪਕਾ ਪ੍ਰੀਤਮ ਕੌਰ ਨੂੰ ਕਹਿ ਰਿਹਾ ਸੀ, "ਭੈਣ ਜੀ! ਹੈੱਡ ਸਾਹਿਬ ਦੇ ਆਪਣੇ ਮਾਂ ਜੀ ਤਾਂ ਬਿਰਧ ਘਰ ਵਿੱਚ ਰੁਲ ਰਹੇ ਹਨ। ਕੀ ਇਹੋ ਜਿਹੇ ਲੱਛੇਦਾਰ ਭਾਸ਼ਨ ਕੇਵਲ ਦੂਜਿਆਂ ਨੂੰ ਨਸੀਹਤ ਦੇਣ ਲਈ ਹਨ?" ਪ੍ਰੀਤਮ ਕੌਰ ਨੇ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਆਪਣੇ ਬੁੱਲ੍ਹਾਂ ਉੱਤੇ ਰੱਖ ਕੇ ਧਰਮ ਸਿੰਘ ਨੂੰ ਅੱਖਾਂ ਰਾਹੀਂ ਚੁੱਪ ਰਹਿਣ ਦਾ ਇਸ਼ਾਰਾ ਕੀਤਾ।



**ਡਾ. ਇਕਬਾਲ ਸਿੰਘ ਸਕਰੌਦੀ,**
**ਸੰਗਰੂਰ।**
**8427685020**

# ਬੋਧ ਗਿਆ ਮੁਕਤੀ ਅੰਦੋਲਨ ਤਹਿਤ ਧਰਨਾ ਲਗਾਤਾਰ ਚੱਲੇਗਾ- ਸ੍ਰੀ ਲਾਮਾ

**● ਬੋਧ ਗਿਆ ਮੁਕਤੀ ਅੰਦੋਲਨ ਤਹਿਤ ਧਰਨਾ ਲਗਾਤਾਰ ਚੱਲੇਗਾ- ਸ੍ਰੀ ਲਾਮਾ ● ਏਕਤਾ ਵਿੱਚ ਹੀ ਜਿੱਤ ਹੈ -ਡਾਕਟਰ ਬਿਰਦੀ ● ਪੰਜਾਬ ਤੋਂ ਬੋਧੀਆਂ ਦੀ ਟੀਮ ਧਰਨਾ ਸਥਲ ਤੇ ਪਹੁੰਚੀ**

**ਜਲੰਧਰ, (ਪਰਮਜੀਤ ਜੱਸਲ)–** "ਬੋਧ ਗਯਾ ਮੁਕਤੀ ਅੰਦੋਲਨ ਲਗਾਤਾਰ ਚੱਲਦਾ ਰਹੇਗਾ। ਭਾਵੇਂ ਸਾਨੂੰ ਇਸ ਸੰਘਰਸ਼ ਲਈ ਕੋਈ ਵੀ ਕੁਰਬਾਨੀ ਦੇਣੀ ਪਵੇ, ਅਸੀਂ ਕੁਰਬਾਨੀ ਦੇਣ ਲਈ ਤਿਆਰ ਹਾਂ।" ਉਪਰੋਕਤ ਵਿਚਾਰ ਅੱਜ ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਅਕਾਸ਼ ਲਾਮਾ ਜੀ ਨੇ ਬੋਧ ਗਯਾ ਧਰਨਾ ਸਥੱਲ 'ਤੇ ਦਿੱਤੇ। ਸ਼੍ਰੀ ਲਾਮਾ ਜੀ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਬਿਹਾਰ ਸਰਕਾਰ ਜਿੰਨਾ ਚਿਰ ਸਾਨੂੰ ਲਿਖਤੀ ਰੂਪ ਵਿੱਚ ਸਾਡੇ ਹੱਕ ਨਹੀਂ ਦੇ ਦਿੰਦੀ। ਉਨਾਂ ਚਿਰ ਧਰਨਾ ਨਹੀਂ ਚੁੱਕਿਆ ਜਾਵੇਗਾ ਅਤੇ ਲਗਾਤਾਰ ਜਾਰੀ ਰਹੇਗਾ। ਉਹਨਾਂ ਮੰਗ ਕੀਤੀ ਕਿ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੋਧ ਗਯਾ ਮਹਾਂ ਵਿਹਾਰ ਦਾ ਕੰਟਰੋਲ ਨਿਰੋਲ ਬੋਧੀਆ ਨੂੰ ਦਿੱਤਾ ਜਾਵੇ।

ਇਸ ਮੌਕੇ 'ਤੇ ਡਾਕਟਰ ਹਰਬੰਸ ਬਿਰਦੀ ਜੀ ਦੀ ਅਗਵਾਈ ਵਿੱਚ ਪੰਜਾਬ ਤੋਂ ਬੋਧੀਆਂ ਦੀ ਟੀਮ ਵੀ ਅੱਜ ਧਰਨਾ ਸਥਲ 'ਤੇ ਸ੍ਰੀ ਆਕਾਸ਼ ਲਾਮਾ ਜੀ ਦਾ ਹੌਸਲਾ ਵਧਾਉਣ ਲਈ ਪਹੁੰਚੀ। ਡਾਕਟਰ ਹਰਬੰਸ ਬਿਰਦੀ ਨੇ ਕਿਹਾ ਕਿ ਏਕਤਾ ਵਿੱਚ ਹੀ ਜਿੱਤ ਹੈ, ਏਕਤਾ ਨੂੰ ਮਜਬੂਤ ਰੱਖੋ। ਪੰਜਾਬ ਦਾ ਬੋਧੀ ਭਾਈਚਾਰਾ ਤੁਹਾਡੇ ਨਾਲ ਚਟਾਨ ਵਾਂਗ ਖੜਾ ਹੈ। ਝੂਠੀਆਂ ਅਫਵਾਹਾਂ, ਵਹਿਮਾਂ ਭਰਮਾਂ ਅਤੇ ਭੁਲੇਖਿਆਂ ਤੋਂ ਸੁਚੇਤ ਰਹੋ। ਸਾਡੀ ਏਕਤਾ ਇੰਨੀ ਮਜਬੂਤ ਹੋਵੇ ਕਿ ਵਿਰੋਧੀਆਂ ਨੂੰ ਗੋਡੇ ਟੇਕਣੇ ਪੈ ਜਾਣ। ਆਪਣੇ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਸ੍ਰੀ ਲਾਮਾ ਜੀ ਦਾ ਸਾਥ ਦਿਓ, ਜੋ ਕਾਫੀ ਲੰਬੇ ਸਮੇਂ ਤੋਂ ਬੋਧ ਗਯਾ ਨੂੰ ਗੈਰ ਬੋਧੀਆਂ ਤੋਂ ਆਜ਼ਾਦ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ। ਇਸ ਮੌਕੇ 'ਤੇ ਪੰਜਾਬ ਤੋਂ ਆਏ ਬੋਧੀ ਭਾਈਚਾਰੇ 'ਚ ਡਾਕਟਰ ਹਰਬੰਸ ਬਿਰਦੀ, ਮੀਨੂੰ ਧੀਰ , ਜਗਦੀਸ਼ ਧੀਰ, ਫਗਵਾੜੇ ਤੋਂ ਨੈਣਦੀਪ ਦਾ ਸਪੁੱਤਰ, ਰਾਜ ਕੁਮਾਰ ਅਤੇ ਹੋਰ ਸਾਥੀ ਧਰਨੇ ਵਿੱਚ ਸ਼ਾਮਿਲ ਹੋਏ। ਸ਼੍ਰੀ ਬਿਰਦੀ ਜੀ ਨੇ ਕਿਹਾ ਕਿ ਸਾਨੂੰ ਭਿਕਸ਼ੂ ਪ੍ਰਗਿਆਸ਼ੀਲ ਮਹਾਂਥੇਰੋ, ਭਿਕਸ਼ੂ ਸੰਘ ਅਤੇ ਸ੍ਰੀ ਆਕਾਸ਼ ਲਾਮਾ ਦੀ ਲੀਡਰਸ਼ਿਪ ਵਿੱਚ ਪੂਰਾ ਭਰੋਸਾ ਹੈ। ਯਾਦ ਰਹੇ ਕਿ ਪੰਜਾਬ ਤੋਂ ਅੰਬੇਡਕਰੀ ਅਤੇ ਬੋਧੀ ਭਾਈਚਾਰੇ ਦੇ ਆਗੂ ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਜੱਸਲ, ਹੁਸਨ ਲਾਲ ਬੋਧ, ਚੰਚਲ ਬੋਧ, ਐਡਵੋਕੇਟ ਕੁਲਦੀਪ ਭੱਟੀ ਫਗਵਾੜਾ, ਪ੍ਰਿੰਸੀਪਲ ਪਰਮਜੀਤ ਜੱਸਲ ਆਦਿ ਇਸ ਪ੍ਰਕਿਰਿਆ 'ਤੇ ਪੂਰੀ ਗੰਭੀਰਤਾ ਨਾਲ ਚਿੰਤਤ ਹਨ। ਇਹਨਾਂ ਤੋਂ ਇਲਾਵਾ ਭਿਕਸ਼ੂ ਡਾਕਟਰ ਰੱਖਿਤਾ ਜੀ, ਭਿਕਸ਼ੂ ਪ੍ਰਗਿਆਸ਼ੀਲ ਬੋਧੀ,ਮਿਸਟਰ ਜਿੰਬਾ ਜੀ ਪ੍ਰਧਾਨ ਆਲ ਇੰਡੀਆ ਬੁੱਧਿਸਟ ਫੋਰਮ, ਚੰਦਰ ਬੋਧੀ ਪਾਟਿਲ, ਬਾਬਾ ਸਾਹਿਬ ਜੀ ਦੇ ਪੜਪੋਤੇ ਭੀਮ ਰਾਓ ਅੰਬੇਡਕਰ ਜੀ, ਭੀਮ ਆਰਮੀ ਬਿਹਾਰ ਸਟੇਟ ਦੇ ਪ੍ਰਧਾਨ, ਆਲ ਇੰਡੀਆ ਸਮਤਾ ਸੈਨਿਕ ਦਲ ਦੇ ਚੇਅਰਮੈਨ ਅਤੇ ਹੋਰ ਭਿਕਸ਼ੂ ਸੰਘ, ਉਪਾਸਕ ਸ਼ਾਮਿਲ ਹੋਏ।





# ਤੁਸੀਂ ਮੇਰੀ ਕਹਾਣੀ ਵੀ ਲਿਖੋ

ਵੀਰੇ ਤੁਸੀ ਰਮੇਸ ਸੇਠੀ ਬਾਦਲ ਸਾਹਿਬ ਬੋਲਦੇ ਹੋ? ਕਿਸੇ ਅਣਜਾਣ ਨੰਬਰ ਤੌ ਆਏ ਫੋਨ ਕਰਨ ਵਾਲੀ ਦਾ ਪਹਿਲਾ ਸਵਾਲ ਸੀ। ਹਾਂ ਜੀ ਰਮੇਸ ਸੇਠੀ ਹੀ ਬੋਲ ਰਿਹਾ ਹਾਂ। ਮੈ ਆਖਿਆ । ਪਿੰਡ ਬਾਦਲ ਤਾਂ ਮੇਰੀ ਕਰਮਭੂਮੀ ਹੈ ਜੀ। ਤੁਸੀ ਕਿਥੋ ਬੋਲਦੇ ਹੋ? ਮੈ ਮੋੜਵਾਂ ਸਵਾਲ ਕੀਤਾ ਤੇ ਸਮਝ ਗਿਆ ਇਹ ਕਿਸੇ ਪਾਠਕ ਦਾ ਹੀ ਫੋਨ ਹੋਵੇਗਾ ਜਿਸਨੇ ਮੇਰੀ ਅਖਬਾਰ ਵਿੱਚ ਛਪੀ ਕਿਸੇ ਕਹਾਣੀ ਜਾ ਰਚਨਾ ਦੀ ਤਾਰੀਫ ਕਰਨੀ ਹੋਵੇਗੀ।ਅਕਸਰ ਅਜਿਹੇ ਫੋਨ ਆਉਂਦੇ ਹੀ ਰਹਿੰਦੇ ਹਨ ਮੈਨੂੰ। ਮੈ ਮੋਗੋ ਜਿਲ੍ਹੇ ਤੋ ਬੋਲਦੀ ਹਾਂ। ਮੈ ਤੁਹਾਡੀ ਕਹਾਣੀ ਛੰਨੋ ਰੇਡੀਓ ਤੇ ਸੁਣੀ ਜੋ ਕਿਸੇ ਕਰਮਜੀਤ ਕੰਮੋ ਦਿਉਣ ਨਾਮ ਦੀ ਐਂਕਰ ਨੇ ਨਸਰ ਕੀਤੀ ਹੈ। ਕਹਾਣੀ ਬਹੁਤ ਚੰਗੀ ਲੱਗੀ । ਕਿਸੇ ਗਰੀਬ ਦੀ ਗਰੀਬੀ ਤੇ ਮਜਬੂਰੀ ਨੂੰ ਬਹੁਤ ਵਧੀਆ ਸਬਦਾਂ ਦਾ ਰੂਪ ਦਿੱਤਾ ਹੈ ਤੁਸੀ । ਮਨ ਨੂੰ ਛੂਹ ਗਈ ਤੁਹਾਡੀ ਕਹਾਣੀ । ਉਸ ਨੇ ਆਖਿਆ। ਬਹੁਤ ਸੁਕਰੀਆ ਜੀ ।ਤਹਾਨੂੰ ਕਹਾਣੀ ਚੰਗੀ ਲੱਗੀ।ਫੋਨ ਲਈ ਮੇਹਰਬਾਨੀ। ਆਖਕੇ ਮੈ ਫੋਨ ਕੱਟਣ ਹੀ ਲੱਗਾ ਸੀ, ਕੀ ਤੁਸੀ ਮੇਰੀ ਕਹਾਣੀ ਵੀ ਲਿਖੋਗੇ। ਉਸ ਨੇ ਤਰਲੇ ਜਿਹੇ ਨਾਲ ਆਖਿਆ। ਮੈ ਇਸ ਸਮੇ ਡਿਊਟੀ ਤੇ ਹਾਂ । ਆਪਾਂ ਸ਼ਾਮੀ ਗੱਲ ਕਰਾਂਗੇ।ਕਹਿਕੇ ਮੈ ਫੋਨ ਕੱਟ ਦਿੱਤਾ। ਮੇਰੀ ਬੇਟੀ ਗਗਨ ਵੀ ਅਕਸਰ ਪੁੱਛਦੀ ਰਹਿੰਦੀ ਹੈ ਪਾਪਾ ਕੋਈ ਨਵੀਂ ਕਹਾਣੀ ਲਿਖੀ ? ਉਸਨੂੰ ਨਹੀ ਪਤਾ ਕਿ ਇਹ ਪਕੋੜੇ ਨਹੀ ਕਿ ਵੇਸਨ ਵਿੱਚ ਆਲੂ ਪਿਆਜ ਮਿਰਚ ਮਿਲਾਕੇ ਕੜਾਹੀ ਵਿੱਚ ਤਲਣ ਲਈ ਸੁੱਟ ਦਿਉ। ਬਿੰਗੇ ਤੜਿੰਗੇ ਬਿਨਾ ਸਓਕਲ ਅਤੇ ਆਕਾਰ ਤੇ ਪਕੋੜੇ ਤਿਆਰ। ਕਹਾਣੀ ਲਿਖਣਾ ਇੰਨਾ ਸੋਖਾ ਨਹੀ ਹੁੰਦਾ। ਅੱਜ ਹੁਣ ਇਹ ਆਪਣੀ ਕਹਾਣੀ ਲਿਖਣ ਦਾ ਕਹਿ ਰਹੀ ਹੈ । ਮੈ ਬਹੁਤ ਦੇਰ ਉਸ ਬਾਰੇ ਸੋਚਦਾ ਰਿਹਾ। ਕੀ ਕਹਾਣੀ ਹੋ ਸਕਦੀ ਹੈ ਉਸਦੀ। ਪਤਾ ਨਹੀ ਕੋਈ ਕੁੜੀ ਸੀ ਜਾ ਕੋਈ ਔਰਤ ਸੀ। ਖਬਰਾ ਕੋਈ ਇਸ਼ਕ ਦੀ ਪੱਟੀ ਮੁਟਿਆਰ ਹੋਵੇ ਜਾ ਕੋਈ ਸਹੁਰਿਆਂ ਤੌ ਦੁੱਖੀ। ਕੋਈ ਵਿਧਵਾ ਜਾ ਕੋਈ ਗਰੀਬਣੀ ਵੀ ਹੋ ਸਕਦੀ ਹੈ। ਚਾਹੇ ਉਸਦਾ ਗੱਲ ਕਰਨ ਦਾ ਲਹਿਜਾ ਪੂਰਾ ਪੈਂਡੂ ਸੀ ਪਰ ਪੜ੍ਹੀ ਲਿਖੀ ਲੱਗਦੀ ਸੀ। ਸਾਮ ਤੱਕ ਕੋਈ ਫੋਨ ਨਾ ਆਇਆ। ਮੈ ਘਰਦਾ ਕੋਈ ਕੰਮ ਵੀ ਨਾ ਕੀਤਾ। ਵਾਰੀ ਵਾਰੀ ਮੇਰੀ ਨਿਗ੍ਹਾ ਫੋਨ ਦੀ ਸਕਰੀਨ ਵੱਲ ਜਾਂਦੀ।ਪਰ ਕੋਈ ਫੋਨ ਨਾ ਆਇਆ। ਸੱਤ ਕੁ ਵਜੇ ਘੰਟੀ ਵੱਜੀ ਤੇ ਮੈ ਫਟਾਫਟ ਫੋਨ ਚੁੱਕ ਲਿਆ। ਵੀਰੇ ਮੈ ਬੋਲਦੀ ਹਾਂ ਮੋਗਿਓ। ਸਵੇਰੇ ਆਪਣੀ ਗੱਲ ਹੋਈ ਸੀ ਨਾ।ਮੈ ਤੁਹਾਨੂੰ ਮੇਰੀ ਕਹਾਣੀ ਲਿਖਣ ਦਾ ਆਖਿਆ ਸੀ। ਹੁਣ ਦੱਸੋ ਲਿਖੋਗੇ ਨਾ। ਵਾਇਦਾ ਕਰੋ ਬਈ ਜਰੂਰ ਲਿਖੋਗੇ।ਉਸ ਛੱਲੀਆਂ ਵਾਲੀ ਦੀ ਗਰੀਬੀ ਤੇ ਮਜਬੂਰੀ ਤਾਂ ਤੁਸੀ ਬਿਨਾ ਆਖੇ ਹੀ ਲਿਖ ਦਿੱਤੀ। ਨਾਲੇ ਉਸਨੂੰ ਕੀ ਫਾਇਦਾ ਹੋਇਆ ਤੁਹਾਡੀ ਕਹਾਣੀ ਲਿਖੀ ਦਾ। ਤੁਸੀ ਤਾਂ ਉਸਦੇ ਹਾਲਾਤਾਂ ਤੇ ਗਰੀਬੀ ਨੂੰ ਛੱਜ ਵਿੱਚ ਪਾਕੇ ਛੰਡਿਆ ਹੀ ਹੈ। ਉਸਦਾ ਨਾਮ ਤੇ ਪਤਾ ਵੀ ਜੱਗ ਜਾਹਿਰ ਕਰ ਦਿੱਤਾ। ਹੁਣ ਹਰ ਕੋਈ ਤੁਹਾਡੀ ਕਹਾਣੀ ਪੜ੍ਹਕੇ ਜਾ ਸੁਣਕੇ ਉਸ ਕੋਲ ਛੱਲੀਆਂ ਖਾਣ ਦੇ ਬਹਾਨੇ ਜਾਂਦਾ ਹੈ ਤੇ ਉਸਦੀ ਗਰੀਬੀ ਤੇ ਲਾਚਾਰੀ ਨੂੰ ਅੱਖੀ ਵੇਖਦਾ ਹੈ। ਪਰ ਮੈ ਤਾਂ ਆਪਣੀ ਕਹਾਣੀ ਆਪ ਲਿਖਵਾਉਣਾ ਚਾਹੁੰਦੀ ਹਾਂ।ਉਹ ਇੱਕੋ ਸਾਹ ਇੰਨਾ ਕੁਝ ਬੋਲ ਗਈ। ਮੈ ਚੁੱਪ ਚਾਪ ਸੁਣਦਾ ਰਿਹਾ। ਉਹ ਪ੍ਰਸੰਸਕ ਦੇ ਨਾਲ ਨਾਲ ਇੱਕ ਵਧੀਆ ਆਲੋਚਕ ਵੀ ਲੱਗੀ। ਉਸਦੀਆਂ ਗੱਲਾਂ ਵਾਜਿਬ ਸਨ। ਪਰ ਉਸਦੀ ਕਹਾਣੀ ਦਾ ਸੰਸਪੈਸ ਬਰਕਰਾਰ ਸੀ। ਦੱਸੋ ਲਿਖੋਗੇ ਨਾ? ਉਸਨੇ ਫਿਰ ਥੋੜੇ ਰੋਹਬ ਤੇ ਅਪਨੱਤ ਜਿਹੀ ਨਾਲ ਆਖਿਆ। ਪਹਿਲਾਂ ਤੂੰ ਆਪਣੀ ਕਹਾਣੀ ਤਾਂ ਦੱਸ। ਕੁਝ ਲਿਖਣ ਵਾਲੀ ਗੱਲ ਵੀ ਹੈ ਕਿ ਫੋਕੀ ਫਿਲਾਸਫੀ ਹੀ ਹੈ। ਮੈ ਗੱਲ ਪੁਛਣ ਦੇ ਲਹਿਜੇ ਨਾਲ ਆਖਿਆ। ਮੇਰੀ ਕਾਹਦੀ ਕਹਾਣੀ ਹੈ। ਮੇਰੀ ਤਾਂ ਪੂਰੀ ਜਿੰਦਗੀ ਹੀ ਲੰਬੀ ਵਾਰਤਾ ਹੈ। ਮੇਰੇ ਜੰਮਣ ਤੋ ਪਹਿਲਾਂ ਹੀ ਮੇਰੀ ਕਹਾਣੀ ਸੂਰੂ ਹੋ ਗਈ ਸੀ। ਅਜੇ ਮੈ ਮਾਂ ਦੇ ਢਿੱਡ ਵਿੱਚ ਹੀ ਸੀ । ਮੇਰੀ ਮਾਂ ਦੀ ਚੌਥੀ ਕੁੜੀ ਦਾ ਦਰਜਾ ਮਿਲਣਾ ਸੀ ਮੈਨੂੰ। ਮੈਨੂੰ ਕੁੱਖ ਵਿੱਚ ਮਾਰਨ ਦੀਆਂ ਸਕੀਮਾਂ ਸੂਰੂ ਹੋ ਗਈਆਂ। ਪਰ ਜਿਉਂਦੀ ਰਹੇ ਮੇਰੀ ਮਾਂ ਜੋ ਮੈਨੂੰ ਢਿੱਡ ਵਿੱਚ ਲੈਕੇ ਹੀ ਪੇਕੇ ਭੱਜ ਗਈ ਤੇ ਮੈਨੂੰ ਆਪਣੇ ਪੇਕੇ ਘਰ ਜਨਮ ਦਿੱਤਾ।ਪੜ੍ਹਾਈ ਵਿੱਚ ਹੁਸ਼ਿਆਰ ਹੋਣ ਕਰਕੇ ਮੈ ਪਿੰਡ ਦੇ ਸਕੂਲ ਵਿਚੋ ਪਲੱਸ ਟੂ ਕਰ ਗਈ। ਪੜ੍ਹਣਾ ਚਾਹੁੰਦੀ ਸੀ ਪਰ ਮੈਨੂੰ ਅੱਗੇ ਨਾ ਪੜ੍ਹਾਇਆ। ਉੱਜ ਮੇਰੇ ਦਾਦੇ ਕੋਲ ਦੋ ਸੋ ਵਿੱਘਾ ਜਮੀਨ ਸੀ ਤੇ ਮੇਰੇ ਭਾਪੇ ਹੁਰੀ ਤਿੰਨ ਭਰਾ ਸੀ। ਤਿੰਨੇ ਸਿਰੇ ਦੇ ਵੈਲੀ। ਭਲੇ ਵੇਲਿਆਂ ਚ ਸਾਡੇ ਮੈਸੀ ਫਰਗੂਸ਼ਨ ਟਰੈਕਟਰ ਹੁੰਦਾ ਸੀ। ਮੇਰੇ ਪਿਉ ਨੇ ਕੋਈ ਦਿਲਚਸਪੀ ਨਾ ਲਈ ਤੇ ਮੇਰੀ ਮਾਂ ਤੇ ਮੇਰੀ ਨਾਨੀ ਨੇ ਮੇਰਾ ਵਿਆਹ ਨਾਲਦੇ ਪਿੰਡ ਕਿਸੇ ਚੰਗੇ ਘਰ ਕਰ ਦਿੱਤਾ ਵਾਧੂ ਜਮੀਨ ਸੀ। ਮੇਰਾ ਰਿਸ਼ਤਾ ਮੁੰਡੇ ਨੂੰ ਨਹੀ ਜਮੀਨ ਨੂੰ ਕੀਤਾ ਸੀ। ਮੇਰੇ ਘਰ ਵਾਲਾ ਵੀ ਪੂਰਾ ਨਸ਼ਈ ਸੀ। ਤੇ ਜਵਾਂ ਖੱਚ ਜਿਹਾ ਬੰਦਾ ਸੀ। ਕਿਸੇ ਗੱਲ ਦੀ ਅਕਲ ਨਹੀ। ਨਾ ਬੋਲਣ ਦੀ ਨਾ ਖਾਣਪੀਣ ਦੀ। ਗੱਲ ਗੱਲ ਤੇ ਗਾਲਾਂ ਕੱਢਦਾ ਤੇ ਕੱਟਦਾ ।ਕਿਸੇ ਕੰਮ ਦਾ ਬੰਦਾ ਨਹੀ ਸੀ। ਹਾਂ ਤਿੰਨ ਸਾਲਾਂ ਵਿੱਚ ਹੀ ਮੈਨੂੰ ਤਿੰਨ ਕੁੜੀਆਂ ਦੀ ਮਾਂ ਜਰੂਰ ਬਣਾਤਾਂ।ਹੁਣ ਮੇਰੇ ਸਹੁਰੇ ਘਰੋ ਮਿਲਦੀ ਹਮਦਰਦੀ ਨਫਰਤ ਵਿੱਚ ਬਦਲ ਗਈ। ਫਿਰ ਮੈ ਪੇਕੇ ਆ ਗਈ। ਇਧਰ ਮੇਰੇ ਪਿਉ ਨੇ ਨਵਾਂ ਚੰਦ ਚਾੜ ਦਿੱਤਾ। ਗਆਂਢੀਆਂ ਨਾਲ ਡੈਕ ਨੂੰ ਲੈਕੇ ਲੜ੍ਹਾਈ ਕਰ ਲਈ ਤੇ ਉਹਨਾਂ ਦਾ ਜਵਾਨ ਮੁੰਡਾ ਮਾਰ ਦਿੱਤਾ। ਦੋਨੋ ਤਾਏ ਪਹਿਲਾਂ ਹੀ ਨਸ਼ਈ ਹੋਣ ਕਰਕੇ ਮੰਜੇ ਤੇ ਸਨ।ਹੁਣ ਕਤਲ ਦਾ ਕੇਸ ਸਿਰ ਪੈਣ ਕਰਕੇ ਘਰ ਹੋਰ ਨਿਘਰਣਾ ਸੂਰੂ ਹੋ ਗਿਆ। ਤੰਗੀ ਤਾਂ ਪਹਿਲਾਂ ਹੀ ਸੀ ਹੁਣ ਤਾਂ ਰੋਟੀ ਦੇ ਵੀ ਲਾਲੇ ਪੈ ਗਏ। ਆੜਤੀਆ ਵੀ ਅੱਖਾਂ ਦਿਖਾਉਣ ਲੱਗ ਪਿਆ । ਵਕੀਲਾਂ ਤੇ ਪੁਲਸ ਦੇ ਖਰਚੇ ਦਿਨ ਬਦਿਨ ਵੱਧਣ ਲੱਗੇ। ਮੇਰੇ ਪਿਉ ਨੂੰ ਚੋਦਾਂ ਸਾਲੀ ਹੋ ਗਈ। ਮੈ ਕਪੜੇ ਸਿਊਂਦੀ ਤੇ ਮਜਦੂਰੀ ਕਰਕੇ ਇਹਨਾਂ ਬੱਚੀਆਂ ਨੂੰ ਪੜਾਉਣ ਲੱਗੀ। ਨਾ ਚੱਜ ਦਾ ਪੇਕੇ ਪਾਇਆ ਤੇ ਨਾ ਸਹੁਰੇ। ਜਿੱਥੇ ਵੀ ਗਈ ਮੈ ਅਭਾਗਣ ਉੱਥੇ ਹੀ ਮੇਰੀ ਬਦਕਿਸਮਤੀ ਮੇਰੇ ਨਾਲ ਰਹੀ। ਮੇਰਾ ਕਸੂਰ ਕੀ ਹੈ ਨਾ ਕਦੇ ਮਾਂ ਨੇ ਦੱਸਿਆ ਨਾ ਸੱਸ ਨੇ। ਇਹ ਇਕੱਲੀ ਮੇਰੀ ਕਹਾਣੀ ਨਹੀ ਪੰਜਾਬ ਦੀਆਂ ਲੱਖਾਂ ਧੀਆਂ ਦੀ ਕਹਾਣੀ ਹੈ। ਜਮੀਨ ਨੂੰ ਵਿਆਹੀਆਂ ਦੀ ਕਹਾਣੀ ਹੈ। ਸਿਰਫ ਔਰਤ ਹੀ ਕੁੜੀਆਂ ਜੰਮਦੀ ਹੈ ਇਸ ਇਲਜਾਮ ਦੀ ਕਹਾਣੀ ਹੈ। ਪਹਿਲਾਂ ਮੇਰੀ ਮਾਂ ਨੇ ਕੁੜੀਆਂ ਜੰਮੀਆਂ ਤੇ ਫਿਰ ਮੈ। ਨਾ ਮੇਰੇ ਨਸ਼ਈ ਪਿਉ ਦਾ ਕੋਈ ਕਸੂਰ ਨਾ ਹੀ ਨਸ਼ਈ ਪਤੀ ਦਾ। ਠੀਕ ਹੈ ਵੀਰੇ ਤੇਰੇ ਕਹਾਣੀ ਲਿਖਣ ਨਾਲ ਕੋਈ ਔਰਤ ਕੁੜੀਆਂ ਜੰਮਣੋ ਤਾਂ ਨਹੀ ਹੱਟਦੀ। ਪਰ ਬਿਨਾ ਮੁੰਡਾ ਵੇਖੇ ਸਿਰਫ ਜਮੀਨ ਨੂੰ ਰਿਸ਼ਤਾ ਕਰਨ ਵਾਲੇ ਮਾਪੇ ਜਰੂਰ ਸੋਚਣਗੇ ਕਿ ਧੀ ਦੀ ਜਿੰਦਗੀ ਬਰਬਾਦ ਨਾ ਕੀਤੀ ਜਾਵੇ । ਧੀ ਨੂੰ ਪਤੀ ਚਾਹੀਦਾ ਹੈ ਜਮੀਨ ਨਹੀ। ਸ਼ਾਇਦ ਕਿਸੇ ਹੋਰ ਧੀ ਦਾ ਭਵਿੱਖ ਖਰਾਬ ਨਾ ਹੋਵੇ। ਵੀਰੇ ਮੇਰੀ ਕਹਾਣੀ ਜਰੂਰ ਲਿਖੀ। ਤੈਨੂੰ ਲੱਖਾਂ ਭੈਣਾਂ ਦਾ ਪੁੰਨ ਲੱਗੂ। ਨਾਲੇ ਦੁਖਿਆਰੀਆਂ ਨੂੰ ਇਉ ਲੱਗੂ ਸਾਡੇ ਕਿਸੇ ਵੀਰ ਨੇ ਸਾਡੀ ਦੁੱਖਾ ਦੀ ਪਿਟਾਰੀ ਨੂੰ ਸਬਦੀ ਰੂਪ ਦਿੱਤਾ ਹੈ। ਚੰਗਾ ਵੀਰੇ। ਮੈਥੋ ਹੁਗਾਰਾ ਨਾ ਭਰਿਆ ਗਿਆ ਮੇਰਾ ਗਲਾ ਭਰ ਆਇਆ ਤੇ ਮੈ ਫੋਨ ਕੱਟ ਦਿੱਤਾ।



**ਰਮੇਸ਼ ਸੇਠੀ ਬਾਦਲ**
**ਮੋ 98 766 27233**

# ਬਾਬਾ ਬੰਦਾ ਸਿੰਘ ਬਹਾਦੁਰ ਨੇ ਜਦੋਂ ਖ਼ਾਲਸਾ ਰਾਜ ਦੀ ਨੀਂਹ ਰਖੀ

**12ਮਈ 2024 ਦੇ ਅੰਕ ਲਈ**
**ਸਰਹੰਦ ਫਤਿਹ ਦਿਹਾੜੇ 'ਤੇ ਵਿਸ਼ੇਸ਼,**

ਨਾਂਦੇੜ ਦੇ ਕਿਆਮ ਦੌਰਾਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦੁਰ ਨੂੰ ਪੰਜਾਬ ਵੱਲ ਸਿੱਖਾਂ ਦਾ ਜਥੇਦਾਰ ਥਾਪ ਕੇ ਰਵਾਨਾ ਕੀਤਾ ਸੀ। ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਆਪਣੇ ਭੱਥੇ ਦੇ ਪੰਜ ਤੀਰ, ਪੰਜ ਪਿਆਰਿਆਂ ਦੇ ਰੂਪ ਵਿੱਚ ਭਾਈ ਬਾਜ਼ ਸਿੰਘ, ਭਾਈ ਕਾਹਨ ਸਿੰਘ, ਭਾਈ ਬਿਨੋਦ ਸਿੰਘ, ਭਾਈ ਰਣ ਸਿੰਘ ਅਤੇ ਭਾਈ ਦਇਆ ਸਿਘ, ਪੰਝੀ ਸਿੰਘਾਂ ਦਾ ਇੱਕ ਜੱਥਾ, ਇੱਕ ਨਿਸ਼ਾਨ ਸਾਹਿਬ, ਇੱਕ ਨਗ਼ਾਰਾ, ਪੰਜਾਬ ਦੇ ਪ੍ਰਮੁੱਖ ਸਿੰਘਾਂ ਦੇ ਨਾਂ ਹੁਕਮਨਾਮੇ ਦੇ ਕੇ ਰਵਾਨਾ ਕੀਤਾ। ਅਜੇ ਬੰਦਾ ਸਿੰਘ ਅਤੇ ਸਿੰਘਾਂ ਨੇ ਵੀਹ ਕੋਹ (60 ਕਿਲੋਮੀਟਰ) ਹੀ ਸਫ਼ਰ ਤਹਿ ਕੀਤਾ ਸੀ ਕਿ ਪਿੱਛੋਂ ਗੁਰੂ ਗੋਬਿੰਦ ਸਿੰਘ ਉਤੇ ਵਜ਼ੀਰ ਖਾਂ ਵੱਲੋਂ ਭੇਜੇ ਦੋ ਪਠਾਣਾਂ ਨੇ ਹਮਲਾ ਕਰਾ ਦਿੱਤਾ। ਇਹ ਸਾਰਾ ਜੱਥਾ ਖਬਰ ਸੁਣਦੇ ਹੀ ਵਾਪਿਸ ਆ ਗਿਆ। ਗੁਰੂ ਸਾਹਿਬ ਦੇ ਗੁਰਪੁਰੀ ਸਿਧਾਰਨ ਅਤੇ ਅੰਤਮ ਅਰਦਾਸ ਦੀਆਂ ਰਸਮਾਂ ਪੂਰੀਆਂ ਕਰਕੇ ਹੀ ਇਹ ਜੱਥਾ ਪੰਜਾਬ ਵੱਲ ਵਧਿਆ ਸੀ।

ਬੰਦਾ ਸਿੰਘ ਬਹਾਦੁਰ ਕੋਲ ਹਥਿਆਰਾਂ, ਪੈਸਿਆਂ ਅਤੇ ਵਿਅਕਤੀਆਂ ਦੀ ਬਹੁਤ ਘਾਟ ਸੀ ਪਰ ਭਾਰਤਪੁਰ ਦੇ ਲਾਗੇ ਇੱਕ ਸਿੱਖ ਸੋਦਾਗਰ ਨੇ ਕਈ ਵਰ੍ਹਿਆਂ ਦੀ ਆਪਣੀ ਦਸਵੰਦ ਦੀ ਰਕਮ ਆ ਕੇ ਬੰਦਾ ਸਿੰਘ ਨੂੰ ਭੇਟਾ ਕੀਤੀ। ਦਿੱਲੀ ਦੇ ਬਾਹਰਵਾਰ ਬੰਦਾ ਸਿੰਘ ਨੇ ਆਪਣਾ ਸਫ਼ਰ ਬੜੀ ਹੁਸ਼ਿਆਰੀ ਅਤੇ ਸਿਦਕਦਿਲੀ ਨਾਲ ਜਾਰੀ ਰੱਖਿਆ ਤਾਂ ਜੋ ਸ਼ਾਹੀ ਫੌਜਾਂ ਨਾਲ ਟਕਰਾਓ ਨਾ ਹੋ ਜਾਵੇ। ਲੋਕ ਉਸ ਨੂੰ ਗੁਰੂ ਸਾਹਿਬ ਵੱਲੋਂ ਜਥੇਦਾਰ (ਫੌਜਾਂ ਦਾ ਚੀਫ਼-ਕਮਾਂਡਰ) ਥਾਪਿਆ ਸਮਝ ਕੇ ਕਈ ਸੁਗਾਤਾਂ ਲੈ ਕੇ ਆਣ ਮਿਲਦੇ ਅਤੇ ਉਹ ਲੋਕਾਂ ਦੀ ਖੁਸ਼ਹਾਲੀ ਅਤੇ ਸਿਹਤਯਾਬੀ ਲਈ ਅਰਦਾਸਾਂ ਕਰਦਾ। ਬੰਦਾ ਸਿੰਘ ਦਾ ਜੱਥਾ ਆਖਰ ਬਾਗਰ ਪੁੱਜਾ। ਉੱਥੇ ਲਾਗੇ ਹੀ ਡਾਕੂ ਇੱਕ ਪਿੰਡ ਲੁੱਟਣ ਆਏ ਸਨ। ਡਾਕੂਆਂ ਦੇ ਮੁੱਖੀ ਨੂੰ ਮਾਰ ਕੇ ਬੰਦਾ ਸਿੰਘ ਨੇ ਬਾਕੀ ਡਾਕੂਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ। ਇਹ ਵੇਖ ਕੇ ਆਸਪਾਸ ਦੇ ਪਿੰਡਾਂ ਦੇ ਨੌਜਵਾਨ ਸਿੱਖ ਸੱਜ ਕੇ ਬੰਦਾ ਸਿੰਘ ਦੀਆਂ ਫੌਜਾਂ ਵਿੱਚ ਭਰਤੀ ਹੋ ਗਏ। ਆਸ ਪਾਸ ਦੇ ਪਿੰਡ ਵਾਲਿਆਂ ਖੁਸ਼ੀ ਮਨਾਈ ਅਤੇ ਰਾਸ਼ਨ, ਦੁੱਧ, ਦਹੀਂ ਆਦਿ ਲੈ ਕੇ ਬੰਦਾ ਸਿੰਘ ਅੱਗੇ ਹਾਜ਼ਰ ਹੋਏ।

ਬੰਦਾ ਸਿੰਘ ਇਹ ਜੱਥਾ ਸੋਨੀਪਤ ਤੇ ਰੋਹਤਕ ਦੇ ਵਿਚਕਾਰ ਸਥਿਤ ਕਸਬਾ ਖਰਖੋਦਾ ਪੁੱਜਾ। ਦਿੱਲੀ ਤੋਂ ਇਹ ਕਸਬਾ 36 ਕਿਲੋਮੀਟਰ ਦੂਰ ਹੈ। ਇੱਥੇ ਬੰਦਾ ਸਿੰਘ ਨੇ ਸੇਹਰੀ ਅਤੇ ਖੰਡਾ ਪਿੰਡਾਂ ਵਿਚਕਾਰ ਮੁਕਾਮ ਕੀਤਾ।

ਬੰਦਾ ਸਿੰਘ ਨੂੰ ਇੱਥੇ ਹੀ ਸੂਹਿਆਂ ਨੇ ਖ਼ਬਰ ਦਿੱਤੀ ਕਿ ਕੈਥਲ ਨੇੜੇ ਸ਼ਾਹੀ ਖ਼ਜਾਨਾ ਬੜੀ ਹਿਫ਼ਾਜ਼ਤ ਨਾਲ ਦਿੱਲੀ ਵੱਲ ਜਾ ਰਿਹਾ ਹੈ। ਖ਼ਬਰ ਮਿਲਦੇ ਸਾਰ ਬੰਦਾ ਸਿੰਘ ਨੇ ਆਪਣੇ ਜੰਗਜੂ ਸਿੰਘਾਂ ਨਾਲ ਜ਼ਬਰਦਸਤ ਹੱਲਾ ਬੋਲਿਆ। ਸ਼ਾਹੀ ਦਸਤਾ ਆਪਣੇ ਬਹੁਤੇ ਫੌਜੀ ਮਰਵਾ ਕੇ ਸ਼ਾਹੀ ਖਜ਼ਾਨਾ, ਘੋੜੇ, ਹਥਿਆਰ ਸੁੱਟ ਕੇ ਤਿੱਤਰ ਹੋ ਗਿਆ। ਬੰਦਾ ਸਿੰਘ ਨੇ ਸਾਰਾ ਮਾਲ ਆਪਣੇ ਸਿੱਖਾਂ ਵਿੱਚ ਵੰਡ ਕੇ ਹਥਿਆਰਾਂ ਤੇ ਘੋੜਿਆਂ ਨਾਲ ਆਪਣੀ ਸ਼ਕਤੀ ਨੂੰ ਮਜ਼ਬੂਤ ਕੀਤਾ।

ਸਿਹਰੀ-ਖੰਡਾ ਦੇ ਮੁਕਾਮ ਦੌਰਾਨ ਬੰਦਾ ਸਿੰਘ ਬਹਾਦੁਰ ਨੇ ਯੁੱਧ ਨੀਤੀ ਦੀ ਪੈਂਤੜੇਬਾਜ਼ੀ ਉਪਰ ਵਿਚਾਰ ਕੀਤੀ। ਬੰਦਾ ਸਿੰਘ ਨੇ ਗੁਰੂ ਸਾਹਿਬ ਵੱਲੋਂ ਲਿਖੇ ਹੁਕਮਨਾਮੇ ਅਤੇ ਆਪਣੇ ਵੱਲੋਂ ਪੰਜਾਬ ਦੇ ਸਿੰਘਾਂ ਵੱਲ ਚਿੱਠੀਆਂ ਭੇਜੀਆਂ, "ਅਸੀਂ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਤੇ ਉਸ ਦੇ ਹਮਾਇਤੀਆਂ, ਸਲਾਹਕਾਰਾਂ ਅਤੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਕੀਤੇ ਜ਼ੁਲਮਾਂ ਦੀ ਸਜ਼ਾ ਦੇਣ ਲਈ ਆ ਰਹੇ ਹਾਂ। ਜਿਨ੍ਹਾਂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਵੈਰ ਕਮਾਇਆ ਸੀ, ਉਨ੍ਹਾਂ ਨੂੰ ਵੀ ਸੋਧਿਆ ਜਾਵੇਗਾ ਅਤੇ ਸਭ ਦੁਸ਼ਟਾਂ ਦੀ ਜੜ੍ਹ ਉਖੇੜੀ ਜਾਵੇਗੀ। ਇਸ ਲਈ ਧਰਮਯੁੱਧ ਲਈ ਤਿਆਰ-ਬਰ-ਤਿਆਰ ਹੋ ਕੇ ਮੇਰੇ ਨਾਲ ਆ ਰਲੋ"। ਇਹ ਖਬਰ ਸੁਣਦੇ ਹੀ ਸਿੱਖ ਬਲਦ, ਘਰ ਘਾਟ ਵੇਚ ਕੇ ਹਥਿਆਰ, ਘੋੜੇ ਅਤੇ ਬਾਰੂਦ ਖਰੀਦ ਕੇ ਬੰਦਾ ਸਿੰਘ ਵੱਲ ਤੁਰੰਤ ਚਾਲੇ ਪਾ ਦਿੱਤੇ।

ਬੰਦਾ ਸਿੰਘ ਨੇ ਇਹ ਐਲਾਨ-ਨਾਮਾ ਵੀ ਜਾਰੀ ਕੀਤਾ ਜੋ ਲੋਕੀਂ ਜ਼ਾਲਮ ਮੁਗਲਾਂ, ਜ਼ਿੰਮੀਦਾਰਾਂ ਆਦਿ ਤੋਂ ਸਤਾਏ, ਲਿਤਾੜੇ ਜਾ ਰਹੇ ਹਨ, ਉਹ ਵੀ ਖ਼ਾਲਸਾਈ ਝੰਡੇ ਹੇਠ ਇਕੱਤਰ ਹੋ ਜਾਣ। ਇਹ ਐਲਾਨ-ਨਾਮਾ ਸੁਣਦੇ ਸਾਰ ਹੀ ਸਾਰੇ ਧਰਮਾਂ ਦੇ ਲੋਕ ਕਿ ਮੁਸਲਮਾਨ ਤੇ ਕਿ ਹਿੰਦੂ ਇਕੱਠੇ ਹੋ ਕੇ ਨਵੇਂ ਇਨਕਲਾਬ ਦੀ ਉਡੀਕ ਕਰਨ ਲੱਗੇ। ਸਮਾਜ ਦੇ ਲਿਤਾੜੇ ਗਰੀਬ ਲੋਕਾਂ ਦੀ ਢਾਲ ਬਣ ਕੇ ਉਸ ਨੇ ਆਪਣਾ ਕਾਰਜ ਆਰੰਭ ਕੀਤਾ। ਬੰਦਾ ਸਿੰਘ ਨੂੰ ਲੋਕਾਂ ਦੀ ਤਹਿ ਦਿਲੋਂ ਹਮਦਰਦੀ ਪ੍ਰਾਪਤ ਹੋ ਗਈ।

ਸਮਾਣਾ, ਬੰਦਾ ਸਿੰਘ ਬਹਾਦੁਰ ਦੇ ਹਮਲੇ ਦੀ ਫ਼ਰਿਸਤ 'ਤੇ ਪਹਿਲੇ ਨੰਬਰ 'ਤੇ ਆਉਂਦਾ ਸੀ। ਸਮਾਣਾ ਇੱਕ ਹਿਸਾਬ ਨਾਲ ਪੁੱਖਤਾ ਗੜ੍ਹੀ ਸੀ। ਗੁਰੂ ਤੇਗ ਬਹਾਦੁਰ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਫੌਜਦਾਰ ਜ਼ਾਲਮ ਜਲਾਲ-ਉ-ਦੀਨ ਸਾਸ਼ਲ ਬੇਗ ਤੇ ਬਾਸ਼ਲ ਬੇਗ ਇੱਥੋਂ ਦੇ ਹੀ ਰਹਿਣ ਵਾਲੇ ਸਨ। ਬੰਦਾ ਸਿੰਘ 26 ਨਵੰਬਰ 1709 ਈ. ਨੂੰ ਕਿਲ੍ਹਾ-ਨੁਮਾ ਸਮਾਣੇ ਨੂੰ ਚਾਰ ਪਾਸਿਉਂ ਘੇਰਾ ਪਾ ਲਿਆ। ਇੱਥੇ ਬੜੀ ਘੁਮਸਾਨ ਦੀ ਲੜਾਈ ਹੋਈ। ਸਿੱਖਾਂ ਹੱਥੋਂ ਜਲਾਲ-ਉ-ਦੀਨ, ਸਾਸ਼ਲ ਬੇਗ ਅਤੇ ਬਾਸ਼ਲ ਬੇਗ ਮਾਰੇ ਗਏ। ਸਮਾਣੇ ਵਿੱਚ ਮੁਗਲ ਫੌਜੀ, ਸਯੱਦ ਆਦਿ ਦਸ ਹਜ਼ਾਰ ਦੇ ਕਰੀਬ ਮਾਰੇ ਗਏ। ਇਸ ਜਿੱਤ ਨੇ ਸਿੰਘਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਅਤੇ ਬੰਦੇ ਸਿੰਘ ਨੇ ਭਾਈ ਫਤਹਿ ਸਿੰਘ ਨੂੰ ਸਮਾਣੇ ਦਾ ਫੌਜਦਾਰ ਮੁਕੱਰਰ ਕੀਤਾ।

ਭਾਵੇਂ ਬਹਾਦਰ ਸ਼ਾਹ ਨੂੰ ਸਿੱਖਾਂ ਦੇ ਵਿਦਰੋਹ ਦੀਆਂ ਖਬਰਾਂ ਨਵੰਬਰ 1709 ਈ. ਤੋਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਪਰ ਵਜ਼ੀਰ ਖਾਂ ਦੀ ਚਿੱਠੀ 25 ਫਰਵਰੀ 1710 ਈ. ਨੂੰ ਬਾਦਸ਼ਾਹ ਅੱਗੇ ਪੇਸ਼ ਹੋਈ ਜਿਸ ਵਿੱਚ ਲਿਖਿਆ ਸੀ, "ਕੁੱਤੇ-ਸੁਭਾ ਸਿੱਖਾਂ ਦੇ ਗੁਰੂ (ਬੰਦਾ ਸਿੰਘ) ਨੇ ਆਪਣਾ ਨਾਮ 'ਬੰਦਾ' ਰੱਖ ਕੇ ਤੇ ਕੋਈ ਇੱਕ ਲੱਖ ਕੁੱਤੇ-ਸੁਭਾਅ ਸਾਵਾਰਾਂ ਤੇ ਪਿਆਦਾ ਸਿੰਘਾਂ ਨੂੰ ਆਪਣੇ ਨਾਲ ਇਕੱਠੇ ਕਰਕੇ, ਸ਼ੋਰ-ਸ਼ਰਾਬਾ ਤੇ ਫਸਾਦ ਪਾ ਕੇ ਗਰੀਬਾਂ, ਮਸਕੀਨਾਂ, ਸ਼ੈਖਾਂ ਤੇ ਵੱਡੇ ਵੱਡੇ ਸ਼ਯਦਾਂ ਦੇ ਘਰਾਂ ਨੂੰ ਉਜਾੜ ਦਿੱਤਾ ਤੇ ਉਹ ਇਸਲਾਮ ਵਾਲਿਆਂ ਵਿੱਚੋਂ ਕਿਸੇ ਛੋਟੇ-ਵੱਡੇ ਤੇ ਜਵਾਨ ਤੇ ਬੁੱਢੇ ਨੂੰ ਜਿਉਂਦਾ ਨਹੀਂ ਛੱਡਣਾ ਚਾਹੁੰਦਾ ਹੈ। ਐ ਬਾਦਸ਼ਾਹ ਜੇ ਇਸ ਨੂੰ ਸੋਧਣ ਵਿੱਚ ਢਿੱਲ-ਮੱਠ ਹੋਈ ਤਾਂ ਇਸ ਜਹਾਨ ਦੇ ਬਾਦਸ਼ਾਹ ਦੀ ਹਕੂਮਤ ਵਿੱਚ ਆਏ ਦਿਨ ਗੜਬੜ੍ਹ ਪੈਂਦੀ ਰਹੇਗੀ। ਇਹ ਵਕਤ ਮਰਦਾਨਗੀ ਵਿਖਾਉਣ ਦਾ ਹੈ"।

ਸਮਾਣੇ ਤੋਂ ਬਾਅਦ ਬੰਦਾ ਸਿੰਘ ਨੇ ਕੈਥਲ 'ਤੇ ਹਮਲਾ ਕੀਤਾ। ਥੋੜੀ ਜਿਹੀ ਲੜਾਈ ਤੋਂ ਬਾਅਦ ਮੁਗਲ ਫੌਜਾਂ ਬੇਸ਼ੁਮਾਰ ਹਥਿਆਰ, ਘੋੜੇ ਅਤੇ ਲਾਸ਼ਾਂ ਛੱਡ ਕੇ ਮੈਦਾਨੇ-ਜੰਗ 'ਚ ਤਿੱਤਰ ਹੋ ਗਈ। ਫੌਜੀ ਰਣਨੀਤੀ ਤਹਿਤ ਬੰਦਾ ਸਿੰਘ ਨੇ ਸਰਹਿੰਦ 'ਤੇ ਹਮਲਾ ਕਰਨਾ ਮੁਨਾਸਬ ਨਾ ਸਮਝਿਆ ਕਿਉਂਕਿ ਉਸ ਨੂੰ ਮਾਝੇ, ਮਾਲਵੇ ਤੇ ਦੁਆਬੇ ਤੋਂ ਹਥਿਆਰਬੰਦ ਸਿੰਘਾਂ ਦੀ ਉਡੀਕ ਕਰਨਾ ਚਾਹੁੰਦਾ ਸੀ। ਇਸੇ ਲਈ ਬੰਦਾ ਸਿੰਘ ਨੇ ਸਰਹਿੰਦ ਤੋਂ ਪਹਿਲਾਂ ਘੁੜਾਮ, ਠਸਕਾ, ਸ਼ਾਹਬਾਦ ਤੇ ਮੁਸਤਫਾਬਾਦ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਮੁਸਤਫ਼ਾਬਾਦ ਵਿੱਚ ਗਹਿਗਚ ਲੜਾਈ ਹੋਈ ਜਿਥੇ ਦੋ ਹਜ਼ਾਰ ਫੌਜੀਆਂ ਨੇ ਬੰਦਾ ਸਿੰਘ ਅੱਗੇ ਹਥਿਆਰ ਸੁੱਟ ਕੇ ਹਾਰ ਮੰਨ ਲਈ।

ਨਾਰਨੌਲ ਦੇ ਸਥਾਨ 'ਤੇ ਬੰਦਾ ਸਿੰਘ ਨੇ ਲੋਕਾਂ ਨੂੰ ਲੁਟੇਰਿਆਂ ਤੇ ਡਾਕੂਆਂ ਤੋਂ ਮੁਕਤੀ ਦਿਵਾਈ ਅਤੇ ਕੈਥਲ ਦੇ ਫੌਜਦਾਰ ਨੂੰ ਸਬਕ ਸਿਖਾਇਆ। ਸਮਾਣੇ ਤੋਂ ਬਾਅਦ ਬੰਦਾ ਸਿੰਘ ਨੇ ਕਪੂਰੀ 'ਤੇ ਹਮਲਾ ਕੀਤਾ। ਉਥੋਂ ਦੇ ਫੌਜਦਾਰ ਕਦਮ-ਉ-ਦੀਨ ਨੂੰ ਮਾਰ ਕੇ ਸਾਰੇ ਸ਼ਹਿਰ ਨੂੰ ਅੱਗ ਲਾ ਦਿੱਤੀ। ਇਸ ਲੜਾਈ ਵਿੱਚ ਬੇਸ਼ੁਮਾਰ ਹਥਿਆਰ, ਖਜ਼ਾਨਾ ਤੇ ਘੋੜੇ ਸਿੰਘਾਂ ਦੇ ਹੱਥ ਆਏ, ਜਿਨ੍ਹਾਂ ਦੀ ਉਨ੍ਹਾਂ ਨੂੰ ਤੁਰੰਤ ਲੋੜ ਸੀ।



ਸਢੌਰਾ ਸ਼ਹਿਰ, ਅਮੀਰ ਸ਼ਹਿਰਾਂ ਵਿੱਚ ਸ਼ੁਮਾਰ ਹੁੰਦਾ ਸੀ। ਇਥੋਂ ਦਾ ਫੌਜਦਾਰ ਜ਼ਾਲਮ ਉਸਮਾਨ ਖਾਨ ਰਾਜ ਪ੍ਰਬੰਧਕ ਕਰਕੇ ਸਾਰੇ ਇਲਾਕੇ ਵਿੱਚ ਮੰਨਿਆ ਜਾਂਦਾ ਸੀ। ਹਿੰਦੂਆਂ ਦੀਆਂ ਮ੍ਰਿਤਕ ਲਾਸ਼ਾਂ ਨੂੰ ਸਾੜ੍ਹਨ ਦੀ ਮਨਾਈ ਕਰਕੇ, ਖੁੱਲ੍ਹੇ-ਮੈਦਾਨਾਂ ਵਿੱਚ ਗਊ ਹੱਤਿਆ ਕਰਾਉਂਦਾ ਸੀ। ਇਸੇ ਲਈ ਬਹੁਤੇ ਹਿੰਦੂ ਸਢੌਰਾ ਛੱਡ ਕੇ ਛਲੇ ਗਏ ਸਨ। ਹਿੰਦੂਆਂ ਨੇ ਬੰਦਾ ਸਿੰਘ ਅੱਗੇ ਅਜਿਹੇ ਜ਼ੁਲਮ ਤੋਂ ਆਜ਼ਾਦ ਕਰਾਉਣ ਦੀ ਬੇਨਤੀ ਕੀਤੀ। ਅਖ਼ਬਾਰਾਤ-ਏ-ਦਰਬਾਰ-ਏ ਮੋਅਲਾਂ ਅਨੁਸਾਰ ਜੋ ਜਨਵਰੀ 31, 1709 ਨੂੰ ਬਾਦਸ਼ਾਹ ਨੂੰ ਘੱਲੀ ਗਈ ਸੀ, ਉਸ ਵਿੱਚ 70,000 ਸਿੱਖਾਂ ਦਾ ਸਢੌਰਾ ਵਿੱਚ ਇਕੱਠ ਦਾ ਜ਼ਿਕਰ ਕੀਤਾ ਗਿਆ ਸੀ।

ਸਢੌਰਾ ਦੀ ਗਹਿਗਚ ਲੜਾਈ ਵਿੱਚ ਦੋਵੇਂ ਪਾਸਿਆਂ ਤੋਂ ਹਜ਼ਾਰਾਂ ਸੂਰਮੇ ਮੈਦਾਨ-ਏ-ਜੰਗ ਵਿੱਚ ਮਾਰੇ ਗਏ। ਅਖੀਰ ਸਢੌਰਾ ਬੰਦਾ ਸਿੰਘ ਦੇ ਕਬਜ਼ੇ ਵਿੱਚ ਆ ਗਿਆ। ਮਜ਼ਲੂਮ ਲੋਕਾਂ ਨੇ ਜ਼ਾਲਮਾਂ ਤੋਂ ਚੁਣ ਚੁਣ ਕੇ ਬਦਲੇ ਲਏ ਅਤੇ ਲੁੱਟ-ਮਾਰ ਕੀਤੀ।

ਬਹਾਦਰ ਸ਼ਾਹ ਬਾਦਸ਼ਾਹ ਨੇ ਰੁਸਤਮ ਦਿਲ ਖਾਨ ਨੂੰ ਸ਼ਾਹੀ ਕੈਂਪ ਲਈ ਯੋਗ ਥਾਂ ਦੀ ਭਾਲ ਲਈ ਰਵਾਨਾ ਕੀਤਾ ਤਾਂ ਸ਼ਾਹੀ ਫੌਜੀ ਦਸਤਾ ਸਢੌਰਾ ਤੋਂ 4-5 ਕੋਹ (12-15 ਕਿਲੋਮੀਟਰ) ਪੁੱਜਾ ਸੀ। "ਰਸਤੇ ਵਿੱਚ ਅਚਾਨਕ ਸਿੱਖਾਂ ਦੇ ਤੀਹ-ਚਾਲੀ ਹਜ਼ਾਰ ਸਵਾਰ, ਬੇਸ਼ੁਮਾਰ ਪਿਆਦੇ ਦਸ-ਬਾਰਾਂ ਕੋਹ ਤੋਂ ਧਾਵਾ ਕਰਕੇ 'ਫ਼ਤਹਿ-ਦਰਸ਼ਨ' ਦੇ ਨਾਹਰੇ ਮਾਰਦੇ ਹੋਏ ਬਾਦਸ਼ਾਹੀ ਲਸ਼ਕਰ ਉਤੇ ਟੁੱਟ ਕੇ ਪੈ ਗਏ।

ਬੰਦਾ ਸਿੰਘ ਬਹਾਦੁਰ ਨੇ ਇੱਕ ਨਵਾਂ ਜੰਗੀ ਨਾਹਰਾ 'ਫ਼ਤਹਿ ਦਰਸ਼ਨ' ਜਾਰੀ ਕੀਤਾ ਜਿਸ ਦਾ ਭਾਵ ਸੀ ਕਿ ਮੈਦਾਨ-ਏ-ਜੰਗ ਵਿੱਚ ਜਿੱਤ ਦੇ ਦਰਸ਼ਨ-ਦੀਦਾਰੇ ਕਰਨੇ ਹਨ। ਇਹ ਨਾਹਰਾ ਸਿੱਖ ਫੌਜੀਆਂ ਨੂੰ ਜੰਗ-ਗਾਹ ਵਿੱਚ ਚੜ੍ਹਦੀਕਲਾ ਵਿੱਚ ਰਹਿ ਕੇ ਹਰ ਹਾਲਤੀਂ ਵੱਚ ਜਿੱਤ ਪ੍ਰਾਪਤੀ ਨੂੰ ਯਕੀਨੀ ਬਣਾਉਂਦਾ ਸੀ।

ਹੁਣ ਸਿੱਖਾਂ ਨੇ ਸਰਹਿੰਦ ਦਾ ਰੁੱਖ ਕਰਨਾ ਸੀ। ਸਰਹਿੰਦ ਦੇ ਸੂਬੇ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਹਾਂ ਵਿੱਚ ਚੁਣ ਕੇ ਸ਼ਹੀਦ ਕੀਤਾ ਸੀ। ਸਰਹਿੰਦ ਹੀ ਸੀ ਜਿਸ ਨੇ ਸਿੱਖਾਂ ਦੇ ਭਵਿੱਖ ਦਾ ਫੈਸਲਾ ਕਰਨੀ ਸੀ। ਵਜ਼ੀਰ ਖਾਂ ਸਿੱਖਾਂ ਦੀਆਂ ਰੋਜ਼ਮਰਾ ਦੀਆਂ ਜਿੱਤਾਂ ਤੋਂ ਪੂਰੀ ਤਰ੍ਹਾਂ ਘਬਰਾਇਆ ਸੀ ਪਰ ਉਸ ਨੇ ਹਜ਼ਾਰਾਂ ਜਹਾਦੀ ਇਕੱਠੇ ਕਰਕੇ ਸਿੱਖਾਂ ਨਾਲ ਜੰਗ ਕਰਨਾ ਚਾਹੁੰਦਾ ਸੀ। ਮਾਝੇ-ਮਾਲਵੇ ਦੇ ਸਿੰਘ ਕੀਰਤਪੁਰ ਸਾਹਿਬ ਵੱਲੋਂ ਆਉਂਦੇ ਵੇਖ ਮਲੇਰ-ਕੋਟਲੇ ਦੇ ਮੁਗਲ ਫੌਜ਼ਾਂ ਨਾਲ ਲੜਾਈ ਜ਼ਬਰਦਸਤ ਹੋਈ ਅਤੇ ਮਲੇਰਕੋਟਲਾ ਦੀ ਸਾਰੀ ਫੌਜ਼ ਜੰਗ-ਗਾਹ ਵਿੱਚੋਂ ਭੱਜ ਗਈ। ਇਸ ਤਰ੍ਹਾਂ ਮਾਝੇ-ਦੁਆਬੇ ਆਦਿ ਦੇ ਹਜ਼ਾਰਾਂ ਸਿੱਖ, ਚਪੜ-ਚਿੜ੍ਹੀ ਦੇ ਸਥਾਨ 'ਤੇ ਬੰਦਾ ਸਿੰਘ ਬਹਾਦੁਰ ਦੀਆਂ ਫੌਜ਼ਾਂ ਨਾਲ ਆ ਮਿਲੇ।

ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਸਰਹਿੰਦ ਤੋਂ 12-15 ਕਿਲੋਮੀਟਰ ਦੂਰ 'ਚਪੜ-ਚਿੜ੍ਹੀ' ਦੇ ਸਥਾਨ 'ਤੇ ਸਿੱਖਾਂ ਨਾਲ ਜੰਗ ਕਰਨ ਲਈ ਕਮਰਕਸੇ ਕਰ ਬੈਠਾ। ਸਿੱਖਾਂ ਕੋਲ ਵਜ਼ੀਰ ਖਾਂ ਦੇ ਮੁਕਾਬਲੇ ਬੜੇ ਘੱਟ ਘੋੜੇ ਤੇ ਹਥਿਆਰ ਸਨ ਪਰ ਸਿੱਖ ਸਾਹਿਬਜ਼ਾਦਿਆਂ ਦੇ ਖ਼ੂਨ ਦਾ ਬਦਲਾ ਲੈਣ ਲਈ ਉਤਾਵਲੇ ਸਨ। ਸਿੱਖਾਂ ਦੀ ਗਿਣਤੀ ਵੀ ਦੁਸ਼ਮਣ ਦੇ ਮੁਕਾਬਲੇ ਘੱਟ ਸੀ। ਸੂਬਾ ਵਜ਼ੀਰ ਖਾਂ ਕੋਲ ਕੁਝ ਤੋਪਾਂ ਸਨ। ਇਹ ਤੋਪਾਂ ਹਾਥੀਆਂ ਦੀਆਂ ਕਤਾਰਾਂ ਤੋਂ ਵਖਰੀਆਂ ਸਨ। ਖ਼ਾਲਸਾ ਫ਼ੌਜਾਂ ਦਾ ਸਵਾਗਤ ਵਜ਼ੀਰ ਖਾਨ ਦੀਆਂ ਤੋਪਾਂ ਨੇ ਕੀਤਾ। ਪਹਿਲੇ ਗੋਲਿਆਂ ਨਾਲ ਹੀ ਬੰਦਾ ਸਿੰਘ ਨਾਲ ਮਿਲੇ ਗ਼ੈਰ-ਸਿੱਖ ਧਾੜਵੀ ਦਸਤੇ, ਤੋਪਾਂ ਦੀ ਮਾਰ ਤੋਂ ਦੂਰ ਨਿਕਲ ਗਏ। ਬੰਦਾ ਸਿੰਘ ਬਹਾਦੁਰ ਦੇ ਹਰਾਵਲ ਦਸਤੇ ਤੋਪਾਂ ਤੇ ਹਾਥੀਆਂ ਦੀਆਂ ਕਤਾਰਾਂ ਤੋਂ ਹੁਸ਼ਿਆਰੀ ਨਾਲ ਅੱਗੇ ਵੱਧ ਕੇ ਦੁਸ਼ਮਣ 'ਤੇ ਟੁੱਟ ਪਏ। ਤੋਪਾਂ ਨੇ ਭਾਵੇਂ ਸਿੱਖਾਂ ਦਾ ਨੁਕਸਾਨ ਕੀਤਾ ਅਤੇ ਦੁਸ਼ਮਣਾਂ ਨੇ ਵੀ ਜੰਮ ਕੇ ਲੜਾਈ ਲੜੀ। ਵਜ਼ੀਰ ਖਾਂ ਵਲੋਂ ਅੰਦਰਖਾਤੇ ਇੱਕ ਹੋਰ ਮੁਸਲਮਾਨ ਦਸਤਾ, ਬੰਦਾ ਸਿੰਘ ਨਾਲ ਆ ਮਿਲਿਆ ਸੀ, ਜੋ ਤੋਪਾਂ ਦੀ ਆਵਾਜ਼ ਨਾਲ ਨੱਠ ਗਿਆ। ਭਾਵੇਂ ਕੁਝ ਦੇਰ ਲਈ ਲੜਾਈ ਦਾ ਰੁੱਖ ਬਦਲ ਗਿਆ ਅਤੇ ਦੁਸ਼ਮਣ ਦਾ ਪਾਸਾ ਭਾਰੀ ਹੋ ਗਿਆ। ਬੰਦਾ ਸਿੰਘ ਬਹਾਦੁਰ ਦੂਰ ਉੱਚੇ ਟਿੱਬੇ 'ਤੇ ਬੈਠਾ ਜੰਗ ਦੇ ਹਾਲਤਾਂ 'ਤੇ ਨਜ਼ਰ ਰੱਖ ਰਿਹਾ ਸੀ। ਜਦੋਂ ਉਸ ਨੇ ਸਿੱਖਾਂ ਦੀ ਡਾਵਾਂ ਡੋਲ ਹਾਲਤ ਵੇਖੀ ਤਾਂ ਉਹ ਘੋੜੇ ਨੂੰ ਸਰਪਟ ਦੜਾਉਂਦਾ 'ਅਕਾਲ ਅਕਾਲ' ਦੇ ਜੈਕਾਰੇ ਛੱਡਦਾ, ਅੱਖ ਦੇ ਫੋਰ ਵਿੱਚ ਸ਼ਿਦਤ ਨਾਲ ਦੁਸ਼ਮਣ 'ਤੇ ਟੁੱਟ ਪਿਆ। ਇਹ ਵੇਖ ਸਿੱਖਾਂ ਵਿੱਚ ਜੋਸ਼ ਠਾਠਾਂ ਮਾਰਨ ਲੱਗਾ ਅਤੇ ਮਲੇਰਕੋਟੀਏ ਸਰਦਾਰ ਸ਼ੇਰ ਮੁਹੰਮਦ ਖਾਨ ਤੇ ਖਵਾਜਾ ਅਲੀ ਨੂੰ ਇਕੋ ਹੱਲੇ ਵਿੱਚ ਮਾਰ ਦਿੱਤਾ। ਮੁਗਲ ਫੌਜ਼ਾਂ ਦੇ ਦੋ ਬਹਾਦੁਰ ਸਰਦਾਰਾਂ ਦੀ ਮੌਤ ਵੇਖ ਵਜ਼ੀਰ ਖਾਂ ਦੀ ਫੌਜ਼ ਵਿੱਚ ਖਲ-ਬਲੀ ਪੈ ਗਈ। ਸਵੇਰ ਤੋਂ ਸ਼ੁਰੂ ਹੋਈ ਲੜਾਈ ਸ਼ਾਮ ਦੇ ਚਾਰ ਵਜੇ ਤੱਕ ਚਲਦੀ ਰਹੀ। ਅਚਾਨਕ ਬੰਦਾ ਸਿੰਘ ਬਹਾਦੁਰ ਨੇ ਗੁਰੂ ਗੋਬਿੰਦ ਸਿੰਘ ਵਲੋਂ ਬਖਸ਼ੇ ਪੰਜ ਤੀਰਾਂ ਵਿੱਚੋਂ ਇੱਕ ਤੀਰ ਦਾ ਨਿਸ਼ਾਨਾ ਲਾ ਕੇ ਵਜ਼ੀਰ ਖਾਂ ਵੱਲ ਮਾਰਿਆ ਤਾਂ ਉਹ ਹਾਥੀ ਤੋਂ ਡਿੱਗ ਪਿਆ। ਵਜ਼ੀਰ ਖਾਂ ਦੀ ਮੌਤ ਦੀ ਖ਼ਬਰ ਸੁਣਦੇ ਹੀ ਮੁਗਲ ਫੌਜ ਮੈਦਾਨ-ਏ-ਜੰਗ ਵਿੱਚੋਂ ਭੱਜ ਗਈ ਅਤੇ ਸਿੱਖਾਂ ਨੇ ਜਿੱਤ ਦੇ ਨਗਾਰੇ ਸ਼ਾਦਿਆਨੇ ਵਜਾਉਂਦੇ, ਫਤਹਿ ਯਾਬੀਆਂ ਦੀ ਸ਼ਕਲ ਵਿੱਚ ਸਰਹਿੰਦ ਵੱਲ ਤੁਰ ਪਏ। ਵਜ਼ੀਰ ਖਾਂ ਹਾਲੀ ਜੀਉਂਦਾ ਸੀ ਕਿ ਸਿੱਖਾਂ ਨੇ ਉਸ ਦੀਆਂ ਲੱਤਾਂ ਬੰਨ ਕੇ ਘੋੜੇ ਪਿੱਛੇ ਨੂੜ ਦਿੱਤਾ। ਸਰਹਿੰਦ ਦੀਆਂ ਗਲੀਆਂ, ਬਜ਼ਾਰਾਂ ਵਿੱਚ ਉਸ ਦੀ ਲਾਸ਼ ਨੂੰ ਘਸੀਟਿਆ ਗਿਆ। ਆਖਰ ਉਸ ਦੀ ਲਾਸ਼ ਨੂੰ ਇੱਕ ਦਰੱਖਤ ਨਾਲ ਪੁੱਠਾ ਲਟਕਾ ਦਿੱਤਾ ਤਾਂ ਜੋ ਜ਼ਾਲਮਾਂ ਨੂੰ ਸਬਕ ਮਿਲੇ। ਸਿੱਖਾਂ ਨੂੰ ਭਾਰੀ ਜੰਗੀ ਸਮਾਨ, ਹਾਥੀ, ਘੋੜੇ, ਤੋਪਾਂ, ਹਥਿਆਰ ਹੱਥ ਲੱਗੇ ਅਤੇ ਉਹ ਜੈਕਾਰੇ ਲਾਉਂਦੇ ਸ਼ਹਿਰ ਸਰਹਿੰਦ ਵਿੱਚ ਦਾਖਲ ਹੋਏ।

ਸਰਹਿੰਦ ਦੇ ਬਾਸ਼ਾਂਦਿਆਂ ਨੇ ਜਦੋਂ ਵਜ਼ੀਰ ਖਾਂ ਦੇ ਮਰਨ ਦੀ ਖ਼ਬਰ ਸੁਣੀ ਤਾਂ ਲੋਕ ਘਰ-ਬਾਰ ਛੱਡ ਕੇ ਨੱਠ ਪਏ। ਵਜ਼ੀਰ ਖਾਂ ਦਾ ਬੇਟਾ ਆਪਣੇ ਕਬੀਲੇ ਨਾਲ ਦਿੱਲੀ ਵੱਲ ਭੱਜ ਗਿਆ। ਵਜ਼ੀਰ ਖਾਂ ਦਾ ਦੀਵਾਨ ਸੁੱਚਾ ਨੰਦ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨਾਲ ਧਰੋ ਕਮਾਇਆ ਸੀ ਅਤੇ ਗਰੀਬਾਂ, ਮਜ਼ਲੂਮਾਂ ਲੋਕਾਂ 'ਤੇ ਬੜੇ ਜ਼ੁਲਮ ਕੀਤੇ ਸਨ, ਭੱਜਣ ਦੀਆਂ ਤਿਆਰੀਆਂ ਕਰ ਰਿਹਾ ਸੀ ਕਿ ਸਿੰਘਾਂ ਨੇ ਆਣ ਦਬੋਚ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਦੀਆਂ ਫੌਜ਼ਾਂ ਸ਼ਾਹੀ ਖਜ਼ਾਨੇ, ਸ਼ਾਹੀ ਮਹਿਲਾਂ, ਅਮੀਰਾਂ ਦੇ ਮਕਾਨਾਂ ਆਦਿ ਦੀ ਖੂਬ ਲੁੱਟ ਕੀਤੀ। ਇਸ ਲੁੱਟਪੁਟ ਵਿੱਚ ਸ਼ਹਿਰ ਦੇ ਆਸ ਪਾਸ ਦੇ ਧਾੜਵੀ, ਬਾਦਸ਼ਾਹ ਵੀ ਸਨ, ਜੋ ਮਾਲਮਤਾ ਲੁੱਟ ਕੇ ਭੱਜ ਗਏ।

ਸਿੰਘਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ। ਚੌਥੇ ਦਿਨ ਬੰਦਾ ਸਿੰਘ ਨੇ ਲੁੱਟਮਾਰ, ਹੁਕਮ ਦੇ ਕੇ ਬੰਦ ਕਰਾ ਦਿੱਤੀ। ਕਿਲ੍ਹੇ 'ਤੇ ਖ਼ਾਲਸਾਈ ਨਿਸ਼ਾਨ ਝੁਲਾ ਦਿੱਤਾ। ਸ. ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਤੇ ਭਾਈ ਆਲੀ ਸਿੰਘ ਨੂੰ ਉਸਦਾ ਸਹਾਇਕ ਮੁਕਰਰ ਕਰ ਦਿੱਤਾ। ਇਨ੍ਹਾਂ ਦੋਵਾਂ ਸਰਦਾਰਾਂ ਨੇ ਆਲੇ ਦੁਆਲੇ ਦੇ ਸਾਰੇ ਇਲਾਕੇ ਦਾ ਪ੍ਰਬੰਧ ਸੰਭਾਲ ਲਿਆ। ਫ਼ਾਰਸੀ ਲਿਖਤਾਂ ਵਿੱਚ ਬਾਜ਼ ਸਿੰਘ ਨੂੰ ਆਮ ਤੌਰ 'ਤੇ ਨਾਰ ਸਿੰਘ ਕਰਕੇ ਲਿਖਿਆ ਹੈ। ਫ਼ਾਰਸੀ ਸ਼ਬਦਾਵਲੀ ਵਿੱਚ ਨਾਰ ਦਾ ਅਰਥ ਉਹ ਸ਼ੇਰ ਜੋ ਅੱਗ ਵਰਸਾਉਂਦਾ ਸੀ। ਸਚਮੁੱਚ ਬਾਜ ਸਿੰਘ, ਨਾਰ ਸਿੰਘ ਬਣ ਕੇ ਮੈਦਾਨ-ਏ-ਜੰਗ ਵਿੱਚ ਅਜਿਹੀ ਬਹਾਦੁਰੀ ਦੇ ਕਾਰਨਾਮੇ ਕਰਦਾ ਸੀ ਕਿ ਦੁਸ਼ਮਣਾਂ ਵਿੱਚ ਭੱਤਭੂ ਪਾ ਦੇਂਦੇ ਸੀ। ਇਸੇ ਲਈ ਬਾਜ਼ ਸਿੰਘ ਨੂੰ ਨਾਰ ਸਿੰਘ ਕਰਕੇ ਫ਼ਾਰਸੀ ਲਿਖਾਰੀ ਮੁਖਾਤਿਬ ਹੁੰਦੇ ਸਨ।

ਸਰਹਿੰਦ ਦੀ ਜਿੱਤ ਤੋਂ ਬਾਅਦ ਸੁਨਾਮ, ਘੁੜਾਮ, ਮਲੇਰਕੋਟਲਾ ਆਦਿ ਮਾਮੂਲੀ ਝੱੜਪਾਂ ਪਿੱਛੋਂ ਸਿੱਖਾਂ ਦੇ ਕਬਜ਼ੇ ਵਿੱਚ ਆ ਗਏ। ਸਿੱਖਾਂ ਦਾ ਸਰਹਿੰਦ ਦੇ ਕੁਲ ਅਠਾਈ ਪਰਗਣਿਆਂ 'ਤੇ ਕੰਟਰੋਲ ਹੋ ਚੁੱਕਾ ਸੀ। ਇਸ ਤਰ੍ਹਾਂ ਸਾਰੇ ਇਲਾਕੇ ਨੂੰ ਸ. ਬਾਜ਼ ਸਿੰਘ, ਬਿਨੋਦ ਸਿੰਘ, ਰਾਮ ਸਿੰਘ, ਸ਼ਾਮ ਸਿੰਘ, ਫ਼ਤਹਿ ਸਿੰਘ, ਕੋਇਰ ਸਿੰਘ ਆਦਿ ਸਿਆਸੀ ਪ੍ਰਬੰਧਕਾਂ ਦੇ ਹਵਾਲੇ ਕਰ ਦਿੱਤਾ।

ਸਰਹਿੰਦ ਦੀ ਲੜਾਈ ਮਗਰੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ ਤੇ ਮੁਸਲਮਾਨ ਸਿੱਖ ਧਰਮ ਵਿੱਚ ਸ਼ਾਮਲ ਹੋ ਗਏ, ਜਿਸ ਦੀ ਗਵਾਈ ਫ਼ਾਰਸੀ ਲਿਖਤਾਂ ਵਿੱਚ ਮੌਜੂਦ ਹੈ। 28 ਅਪ੍ਰੈਲ 1711 ਈ. ਦੀ 'ਅਖ਼ਬਾਰਾਤ-ਏ-ਦਰਬਾਰ-ਮੁਆਲਾ ਦੀ ਰਿਪੋਰਟ ਅਨੁਸਾਰ ਬੰਦਾ ਸਿੰਘ ਬਹਾਦਰ ਦੀ ਫ਼ੌਜ਼ ਵਿੱਚ 5000 ਮੁਸਲਮਾਨ ਭਰਤੀ ਹੋ ਗਏ ਹਨ ਅਤੇ ਇਨ੍ਹਾਂ ਦੀ ਗਿਣਤੀ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਉਸ (ਬੰਦਾ ਸਿੰਘ) ਨੇ ਮੁਸਲਮਾਨ ਨੂੰ ਖੁੱਤਬਾ ਅਤੇ ਨਿਮਾਜ਼ ਪੜ੍ਹਨ ਦੀ ਆਜ਼ਾਦੀ ਦੇ ਦਿੱਤੀ ਹੈ। ਉਹ ਮੁਸਲਮਾਨਾਂ ਨੂੰ 'ਨਿਮਾਜ਼ੀ ਸਿੰਘ' ਕਹਿ ਕੇ ਬੁਲਾਉਂਦਾ ਹੈ।

"ਕੀ ਹਿੰਦੂ ਤੇ ਕੀ ਮੁਸਲਮਾਨ, ਜਿਹੜਾ ਵੀ ਉਸ ਕੋਲ ਪੁੱਜ ਗਿਆ, ਉਸ ਨੂੰ 'ਸਿੰਘ' ਦੇ ਖਿਤਾਬ ਨਾਲ ਸੰਬੋਧਨ ਕਰਵਾਉਂਦਾ ਸੀ, ਜਿਵੇਂ ਕਿ ਦੀਨਦਾਰ ਖਾਂ, ਜਿਹੜਾ ਉਸ ਇਲਾਕੇ ਦਾ ਰਈਸ ਸੀ, ਨੂੰ ਦੀਨਦਾਰ ਸਿੰਘ ਦੀ ਉਪਾਧੀ ਦਿੱਤੀ ਅਤੇ ਸਰਹਿੰਦ ਦਾ ਖ਼ਬਰ ਨਵੀਸ ਮੀਰ ਨਸੀਰੁਦੀਨ ਸਿੰਘ ਬਣ ਗਿਆ। ਇਸੇ ਤਰ੍ਹਾਂ ਬਹੁਤ ਸਾਰੇ ਲੋਕ ਇਸਲਾਮੀ ਛੱਡ ਕੇ ਝੜ ਦੇ ਰਾਹ ਪੈ ਗਏ ਤੇ ਉਸ ਦਾ ਸਾਥ ਦੇਣ ਲਈ ਪੱਕੇ ਕੌਲ ਇਕਰਾਰ ਕਰ ਲਏ। "ਉਪਰ ਦਿੱਤੀ ਸੰਖੇਪ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਨੇ ਮੁਗਲ ਫ਼ੌਜ਼ਾਂ ਨੂੰ ਵੱਡੀ ਸ਼ਿਕਸਤ ਦੇ ਕੇ ਸਮਾਣਾ, ਸਢੌਰਾ, ਸਰਹਿੰਦ ਆਦਿ 'ਤੇ ਖਾਲਸਈ ਝੰਡੇ ਝੁਲਾ ਕੇ ਨਵੇਂ ਅਧਿਆਇਆਂ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਦੀ ਗਵਾਹੀ ਫ਼ਾਰਸੀ ਲਿਖਤਾਂ ਵਿੱਚੋਂ ਬਾਖੂਬੀ ਪ੍ਰਗਟ ਹੁੰਦੀ ਹੈ। ਵਿਸਥਾਰ ਲਈ ਵੇਖੋ:ਡਾ. ਜਸਬੀਰ ਸਿੰਘ ਸਰਨਾ,ਤੇਗ਼-ਏ-ਆਤਿਸ਼ਬਾਰ,ਬੰਦਾ ਸਿੰਘ ਬਹਾਦੁਰ, ਪ੍ਰਕਾਸ਼ਿਤ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਯੂਥ ਆਰਗੇਨਾਈਜ਼ੇਸ਼ਨ( ਰਜਿ.) ਰਾਜੌਰੀ( ਜੇ ਐਂਡ ਕੇ) ,ਪੰਨਾ-9-17)



**ਡਾ. ਚਰਨਜੀਤ ਸਿੰਘ ਗੁਮਟਾਲਾ**
**, 91 9417533060,**
**gumtalacs@gmial.com**

# ਬੁੱਧ ਪੂਰਨਿਮਾ 'ਤੇ ਡਾਕਟਰ ਅੰਬੇਡਕਰ ਸਕੂਲ ਬੁਲੰਦਪੁਰ 'ਚ ਛੁੱਟੀ ਦੀ ਘੋਸ਼ਣਾ

**ਜਲੰਧਰ (ਜੱਸਲ)**-ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਜਲੰਧਰ ਦੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਦੱਸਿਆ ਕਿ "ਬੁੱਧ ਪੂਰਨਿਮਾ " 12 ਮਈ 2025 ,ਦਿਨ ਸੋਮਵਾਰ ਨੂੰ ਸਕੂਲ ਵਿੱਚ ਛੁੱਟੀ ਦੀ ਘੋਸ਼ਣਾ ਕੀਤੀ ਗਈ ਹੈ। ਉਹਨਾਂ ਇਹ ਵੀ ਕਿਹਾ ਕਿ ਇਹ ਇਤਿਹਾਸਿਕ ਦਿਨ ਸਾਨੂੰ ਸਮਾਨਤਾ ,ਸੁਤੰਤਰਤਾ, ਭਾਈਚਾਰੇ ਦੇ ਨਾਲ ਨਾਲ ਵਿਸ਼ਵ ਵਿੱਚ ਆਪਸੀ ਪ੍ਰੇਮ ਅਤੇ ਸ਼ਾਂਤੀ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਹਰ ਦੁੱਖ ਪਿੱਛੇ ਕੋਈ ਨਾ ਕੋਈ ਕਾਰਨ ਜਰੂਰ ਹੁੰਦਾ ਹੈ,ਉਸ ਨੂੰ ਦੂਰ ਕਰਕੇ ਸੁੱਖ ਪ੍ਰਾਪਤ ਕੀਤਾ ਜਾ ਸਕਦਾ ਹੈ। ਐਡਵੋਕੇਟ ਹਰਭਜਨ ਸਾਂਪਲਾ, ਹੁਸਨ ਲਾਲ ਬੌਧ, ਚੰਚਲ ਬੋਧ, ਐਡਵੋਕੇਟ ਕੁਲਦੀਪ ਭੱਟੀ ਫਗਵਾੜਾ, ਸਤੀਸ਼ ਕੁਮਾਰ ਨਵਾਂ ਸ਼ਹਿਰ, ਬਲਦੇਵ ਜੱਸਲ, ਡਾ. ਜੀ ਸੀ. ਕੌਲ, ਪ੍ਰੋਫੈਸਰ ਬਲਵੀਰ,ਬਲਦੇਵ ਭਾਰਦਵਾਜ, ਚਰਨ ਦਾਸ ਸੰਧੂ ਪ੍ਰਧਾਨ ਡਾਕਟਰ ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ) ਪੰਜਾਬ ਨੇ ਡਾਕਟਰ ਅੰਬੇਡਕਰ ਸਕੂਲ ਬੁਲੰਦਪੁਰ ਵਿੱਚ 'ਬੁੱਧ ਪੂਰਨਿਮਾ' ਦੀ ਛੁੱਟੀ ਕਰਨ ਲਈ ਪ੍ਰਿੰਸੀਪਲ ਪਰਮਜੀਤ ਜੱਸਲ ਦਾ ਧੰਨਵਾਦ ਕੀਤਾ ਹੈ।

# ਉਰਦੂ ਭਾਸ਼ਾ ਆ, ਕੋਈ ਧਰਮ ਨਹੀਂ..!

**1936 ਵਿਚ ਰਾਵਲਪਿੰਡੀ ਤੋਂ ਪ੍ਰਕਾਸ਼ਤ ਹੋਣ ਵਾਲੀ ਮਹੀਨਾਵਾਰ ਪਤ੍ਰਿਕਾ "ਬ੍ਰਾਹਮਣ ਗਜ਼ਟ"**
**ਪ੍ਰਕਾਸ਼ਨ ਦੀ ਤਾਰੀਕ: ਜੁਲਾਈ 1936 ਈਸਵੀ, 1993 ਬਿਕਰਮ ਸੰਮਤ।**
**ਹੇਠਾਂ ਲਿਖੀ ਉਰਦੂ ਇਬਾਰਤ ਦਾ ਹਿੰਦੀ ਅਨੁਵਾਦ ਕੁਝ ਇਸ ਤਰ੍ਹਾਂ ਆ:**




ਕੌਮ ਦਾ ਹੈ ਖੈਰਖ਼ਾਹ ਤੇ ਰਹਨੁਮਾ – "ਬ੍ਰਾਹਮਣ ਗਜ਼ਟ"।
ਕੌਮ ਦੀ ਕਿਸ਼ਤੀ ਦਾ ਏ ਨਾਖੁਦਾ – ਬ੍ਰਾਹਮਣ ਗਜ਼ਟ।
ਗੁਲਸ਼ਨ-ਏ-ਬ੍ਰਾਹਮਣ ਦੀ ਤਰੱਕੀ ਦਾ ਹੈ ਮਦਾਰ,
ਹਰ ਤਰ੍ਹਾਂ ਹੈ ਕੌਮ (ਰਾਸ਼ਟਰ) ਦਾ ਮੁਸ਼ਕਲ ਕੁਸ਼ਾ – "ਬ੍ਰਾਹਮਣ ਗਜ਼ਟ"।
ਸੰਪਾਦਕ ਸੀ ਭਗਤ ਰਾਮ, ਮੈਨੇਜਰ ਸੀ ਬਾਬੂ ਮੂਲਰਾਜ ਰਾਮਦੇਵ।
ਜਿਹੜੇ ਸੱਜਣ ਉਰਦੂ ਨੂੰ ਪਰਦੇਸੀ ਭਾਸ਼ਾ ਅਤੇ ਆਪਣਾ ਦੁਸ਼ਮਣ ਸਮਝਦੇ ਨੇ,
**ਉਹਨਾਂ ਨੂੰ ਇਹ ਫੋਟੋ ਸੰਭਾਲ ਕੇ ਰੱਖ ਲੈਣੀ ਚਾਹੀਦੀ ਆ।**


**— ਪੇਸ਼ਕਾਰੀ : ਖ਼ਬਰਨਵੀਸ ਯਾਦ ਵਾਹਦ**
+916284336773


# ਮਾਂ



ਕਹਿੰਦੇ ਨੇ ਸਭ, ਮਾਂ ਰੂਪ ਹੈ ਰੱਬ ×2
ਕੀ ਇਹ ਗੱਲ ਇਕ ਕਹਾਣੀ ਏ?
ਮੈਂ ਤਾਂ ਦੇਖੀ, ਜੋ ਮਾਂ ਦੇ ਲੇਖੀ
ਇਕ ਦਰਦ ਖੂਕ ਪੁਰਾਣੀ ਏ!
ਮਮਤਾ ਦੇ ਦੇ ਕੇ ਇਹ ਥੱਕੀ
ਹੁਣ ਬੈਠੀ ਆਪ ਨਿਮਾਣੀ ਏ
ਦਿਲ ਭਰਿਆ ਹੌਕਮ ਹੱਕੀ
ਰਾਣੀ ਨੈਣੀ ਨੀਰ ਬਰਸ਼ੌਦੀ ਏ
ਪੁੱਤਾਂ ਦੇ ਖੂੰਨ ਚ ਭਿਜੀ
ਬੇਬਸ ਵਿੱਚ ਹੈਰਾਨੀ ਦੇ
ਇੱਕ ਦੂਜੇ ਨੂੰ ਕਿਉ ਮਾਰਨ ਲੱਗੇ
ਦਿਲ ਟੁੱਟੇ ਤੜਫ ਸਤੌਂਣਦੀ ਏ
ਪੈ ਗਿਆ ਕਿਉ ਅੱਕਲਾਂ ਤੇ ਪਰਦਾ? ×2
ਇਹੀ ਸੋਚੇ ਵਿੱਚ ਪ੍ਰੇਸ਼ਾਨੀ ਦੇ
ਭੂਲੇ ਭਟਕੇ ਜੇ ਮੁੜ ਆਵਣ
ਇਹੀ ਇੱਕ ਰੱਟ ਲਾਉਂਦੀ ਏ
ਹਾਲੇ ਵੀ ਇੱਕ ਆਸ ਚ ਬੈਠੀ ×2
ਅੰਧਰ ਮਧਮ ਜੋਤ ਫਰਕੌਂਦੀ ਏ
ਦੇਰ ਹੈ, ਅੰਧੇਰ ਨਹੀ ਉਹਦੇ ਘਰ ਵਿੱਚ ×2
ਇਹੀ ਆਸਾ ਵਿੱਚ ਜੀਈ ਜਾਂਦੀ ਏ ×2

**ਆਰ ਕੇ ਰਾਣੀ**



# ਬੁੱਧ ਚਿੰਤਨ : ਆਓ..! ਮੁਹੱਬਤ ਦੀ ਫਸਲ ਬੀਜੀਏ..!




ਇਹਨਾਂ ਸਮਿਆਂ ਵਿੱਚ ਪਿਆਰ, ਮੁਹੱਬਤ ਤੇ ਆਪਸੀ ਭਾਈਚਾਰਕ ਸਾਂਝ ਨੂੰ ਬਣਾਈ ਰੱਖਣ ਦੀ ਲੋੜ ਹੈ ਕਿਉਂਕਿ ਸਰਮਾਏਦਾਰਾਂ ਨੇ ਆਮ ਲੋਕਾਂ ਦੇ ਮਨਾਂ ਅੰਦਰ ਨ਼ਫਰਤ ਪੈਦਾ ਕਰਨ ਲਈ ਹਰ ਢੰਗ ਤਰੀਕਾ ਵਰਤਿਆ ਹੈ। ਉਹ ਵਰਤ ਰਹੇ ਹਨ ਤੇ ਅਸੀਂ ਵਰਤੇ ਜਾ ਰਹੇ ਹਾਂ। ਵਿਕਾਸ ਦੀ ਪ੍ਰਕਿਰਿਆ ਜਾਰੀ ਹੈ। ਵਿਕਾਸ ਦੀ ਗਤੀ ਨੇ ਮਨੁੱਖ ਨੂੰ ਰੋਲ ਕੇ ਰੱਖ ਦਿੱਤਾ ਹੈ। ਸੜਕਾਂ ਤੇ ਪੁਲਾਂ ਨੂੰ ਉਸਾਰਨਾ ਵਿਕਾਸ ਨਹੀਂ, ਸਗੋਂ ਵਿਨਾਸ਼ ਹੈ। ਪਹਿਲਾਂ ਲਾਕ ਡਾਊਨ ਲਗਾਇਆ ਤੇ ਹੁਣ ਬਲੈਕ ਆਊਟ ਤੱਕ ਦੇਸ਼ ਨੇ ਵਿਕਾਸ ਕਰ ਲਿਆ ਹੈ। ਇਸ ਸਮੇਂ ਡਰ, ਦਹਿਸ਼ਤ ਤੇ ਜੰਗ ਦੇ ਮਾਹੌਲ ਵਿੱਚ ਲੋਕ ਜਿਉਂ ਰਹੇ ਹਨ। ਗੋਦੀ ਮੀਡੀਆ ਉੱਤੇ ਅਫਵਾਹਾਂ ਦਾ ਬਜ਼ਾਰ ਗ਼ਰਮ ਹੈ। ਸਮਾਜ ਵਿੱਚ ਡਰ ਫੈਲਾਇਆ ਜਾ ਰਿਹਾ ਹੈ। ਪੰਜਾਬ ਤੋਂ ਬਿਹਾਰ ਨੂੰ ਛੇ ਸਪੈਸ਼ਲ ਰੇਲਗੱਡੀਆਂ ਚਲਾਈਆਂ ਜਾ ਰਹੀਆਂ ਹਨ। ਬਿਹਾਰ ਵਿਧਾਨ ਸਭਾ ਚੋਣਾਂ ਹਨ, ਪੰਜਾਬ ਵਿੱਚ ਜੰਗ ਦਾ ਮੈਦਾਨ ਬਣਿਆ ਹੋਇਆ ਹੈ। ਰੇਲਗੱਡੀਆਂ ਭਰ ਭਰ ਕੇ ਬਿਹਾਰ ਨੂੰ ਜਾ ਰਹੀਆਂ ਹਨ। ਚੋਣਾਂ ਤੱਕ ਦਹਿਸ਼ਤ ਦਾ ਮਾਹੌਲ ਬਣਿਆ ਰਹੇਗਾ। ਡਰ ਦਾ ਮਾਹੌਲ ਬਣਾ ਕੇ ਵਪਾਰੀਆਂ ਨੇ ਆਪਣਾ ਸਮਾਨ ਮਹਿੰਗੇ ਭਾਅ ਵੇਚਣ ਦੀਆਂ ਹੱਦਾਂ ਪਾਰ ਕੀਤੀਆਂ ਹਨ। ਗੋਦੀ ਮੀਡੀਆ ਉਤੇ ਝੂਠ ਪਰੋਸਿਆ ਜਾ ਰਿਹਾ ਹੈ। ਫੌਜ ਨੂੰ ਇਸ ਦਾ ਖੰਡਨ ਕਰਨਾ ਪਿਆ ਹੈ। ਦੇਸ ਦੇ ਵਪਾਰੀਆਂ ਵੱਲੋਂ ਹਰ ਤਰ੍ਹਾਂ ਦੀ ਖੇਡ ਖੇਡੀ ਜਾ ਰਹੀ ਹੈ। ਲੋਕਾਂ ਦੇ ਮਨਾਂ ਵਿੱਚ ਡਰ ਬਣਿਆ ਹੋਇਆ ਹੈ। ਹਰ ਪਾਸੇ ਵਪਾਰੀਆਂ ਵੱਲੋਂ ਆਮ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਇਹ ਲੁੱਟ ਕਰਨ ਦੀ ਦੌੜ ਲੱਗੀ ਹੋਈ ਹੈ। ਅੱਜ ਮਨੁੱਖ ਇਕ ਅਜਿਹੀ ਦੌੜ ਵਿੱਚ ਹੈ, ਜਿਸ ਦਾ ਨਾ ਆਦਿ ਤੇ ਅੰਤ ਹੈ ਪਰ ਮਨੁੱਖ ਦੌੜ ਰਿਹਾ ਹੈ। ਇਕ ਥਾਂ ਤੋਂ ਦੂਜੀ ਥਾਂ ਤੇ ਇਕ ਦੇਸ਼ ਤੋਂ ਦੂਜੇ ਦੇਸ਼ ਵੱਲ ਉਡਾਰੀ ਮਾਰ ਰਿਹਾ ਹੈ ਪਰ ਉਸਨੂੰ ਦੋ ਪਲ ਦੋ ਘੜੀਆਂ ਤੇ ਇਕ ਛਿਣ ਵੀ ਸਕੂਨ ਨਹੀਂ ਮਿਲ ਰਿਹਾ। ਦੌੜ ਤਾਂ ਉਹ ਸਕੂਨ ਦੀ ਤਲਾਸ਼ ਵਿੱਚ ਰਿਹਾ ਹੈ ਪਰ ਅਮੀਰ ਬਣ ਕਿ ਉਹ ਕਾਰੂ ਬਾਦਸ਼ਾਹ ਬਨਣਾ ਚਾਹੁੰਦਾ ਹੈ। ਉਹ ਕਾਰੂ ਬਾਦਸ਼ਾਹ ਜਿਸਨੇ ਕਬਰਾਂ ਪੁਟਾ ਕੇ ਲੋਕਾਂ ਦੇ ਮੂੰਹ ਦੇ ਵਿੱਚੋਂ ਵੀ ਪੈਸੇ ਕਢਵਾ ਲਏ ਸੀ। ਮਨੁੱਖ ਧਰਤੀ ਉਤੇ ਖਾਲੀ ਹੱਥ ਆਉਂਦਾ ਹੈ ਤੇ ਗੁਨਾਹਾਂ ਦੀ ਪੰਡ ਲੈ ਕੇ ਵਾਪਸ ਜਾਂਦਾ ਹੈ। ਉਸਦੇ ਹੱਥ ਖਾਲੀ ਹੁੰਦੇ ਹਨ ਪਰ ਸਿਰ ਉਤੇ ਇਲਜ਼ਾਮਾਂ ਦੀ ਗੱਠੜੀ ਹੁੰਦੀ ਹੈ। ਮਨੁੱਖ ਅਮੀਰ ਬਨਣ ਦੇ ਚੱਕਰ ਵਿੱਚ ਫਸ ਜਾਂਦਾ ਹੈ। ਦੁੱਖ ਵਿੱਚ ਫਸਿਆ ਮਨੁੱਖ ਨਿਕਲਣ ਲਈ ਜਦ ਹੱਥ ਪੈਰ ਵੱਧ ਮਾਰਦਾ ਹੈ ਤਾਂ ਉਹ ਆਪ ਹੀ ਡੁੱਬ ਜਾਂਦਾ ਹੈ। ਕਾਰੂ ਬਾਦਸ਼ਾਹ ਬਨਣ ਦੀ ਲਾਲਸਾ ਵਿੱਚ ਉਹ ਆਪਣਿਆਂ ਦਾ ਵੀ ਕਤਲ ਕਰ ਦੇਂਦਾ ਹੈ। ਇਸੇ ਕਰਕੇ ਉਹ ਰਿਸ਼ਤਿਆਂ ਦੇ ਸਿਰ ਉਪਰ ਦੀ ਪੈਰ ਰੱਖ ਕੇ ਅੱਗੇ ਜਾ ਰਿਹਾ ਹੈ। ਇਸ ਸਮੇਂ ਜ਼ਿੰਦਗੀ ਦੇ ਵਿੱਚ ਪੈਸਾ ਹੀ ਸਭ ਕੁੱਝ ਬਣ ਗਿਆ ਹੈ। ਪਰਵਾਰਿਕ ਤੇ ਦੁਨਿਆਵੀ ਰਿਸ਼ਤੇ ਪਿੱਛੇ ਰਹਿ ਗਏ ਹਨ । ਸਮਾਜਿਕ ਨਾ ਬਰਾਬਰੀ ਤੇ ਸਰਮਾਏ ਦੀ ਕਾਣੀ ਵੰਡ ਨੇ ਮਨੁੱਖ ਨੂੰ ਟੋਟਿਆਂ ਦੇ ਵਿੱਚ ਵੰਡ ਦਿੱਤਾ ਹੈ। ਜਾਤਾਂ ਤੇ ਧਰਮਾਂ ਵਿੱਚ ਵੰਡਿਆ ਮਨੁੱਖ ਇਨਸਾਨ ਤੋਂ ਸ਼ੈਤਾਨ ਕਿਵੇਂ ਬਣ ਰਿਹਾ ਹੈ। ਮਨੁੱਖ ਟੁਕੜੇ ਟੁਕੜੇ ਹੋਇਆ ਹੈ, ਇਸੇ ਹੀ ਕਰਕੇ ਉਸ ਦਾ ਆਪਾ ਬੇਚੈਨ ਹੈ ਬੇਚੈਨੀ ਨੇ ਉਸਨੂੰ ਹਿੰਸਕ ਬਣਾਇਆ ਹੈ। ਹੁਣ ਤੇ ਮਹੌਲ ਹੀ ਹੋਰ ਤਰ੍ਹਾਂ ਦਾ ਬਣਿਆ ਹੋਇਆ ਹੈ ਕਿ ਹੁਣ ਮਨੁੱਖ ਹੀ ਮਨੁੱਖ ਦੇ ਕੋਲੋਂ ਦੂਰ ਭੱਜ ਰਿਹਾ ਹੈ।ਉਸਨੂੰ ਇਹ ਵੀ ਪਤਾ ਹੈ ਕਿ ਜੋ ਕੁੱਝ ਛਲ ਹੈ। ਉਸਨੂੰ ਸਵਰਗ ਦਾ ਰਸਤਾ ਦਿਖਾਇਆ ਜਾ ਰਿਹਾ ਹੈ ਪਰ ਉਹ ਝੂਠ ਹੈ। ਧਰਮ ਨਹੀਂ, ਧਾਰਮਿਕ ਪੁਜਾਰੀ ਆਮ ਲੋਕਾਂ ਨੂੰ ਡਰਾਉਂਦਾ ਹੈ ਤੇ ਲੁੱਟਮਾਰ ਕਰਦਾ ਹੈ। ਭਰਮ, ਵਹਿਮ ਤੇ ਡਰ ਨੇ ਮਨੁੱਖ ਨੂੰ ਅੰਦਰੋਂ ਤੋੜ ਦਿੱਤਾ ਹੈ। ਅੰਦਰੋਂ ਟੁੱਟਿਆ ਮਨੁੱਖ ਮਰਦਾ ਹੈ। ਜਦ ਕਿ ਉਹ ਬਾਹਰੋਂ ਦੇਖਣ ਨੂੰ ਮਜ਼ਬੂਤ ਲਗਦਾ ਹੈ। ਜੋ ਕੰਮ ਮਨੂੰ ਵਾਦੀ ਸੱਤ ਹਜ਼ਾਰ ਵਰਿਆਂ ਦੇ ਵਿੱਚ ਨਹੀਂ ਕਰ ਸਕੇ ਉਹ ਸਰਮਾਏਦਾਰੀ ਨੇ ਕੁੱਝ ਹੀ ਸਮਿਆਂ ਦੇ ਵਿੱਚ ਕਰ ਦਿੱਤਾ, ਮਨੁੱਖ ਨੂੰ ਮਨੁੱਖ ਦੇ ਨਾਲੋਂ ਤੋੜ ਦਿੱਤਾ। ਦੋ ਗਜ਼ ਦੀ ਦੂਰੀ ਤੇ ਮੂੰਹ ਉਤੇ ਛਿਕਲੀ ਲਾ ਦਿੱਤੀ। ਮਨੁੱਖੀ ਜੀਵਨ ਦੇ ਇਤਿਹਾਸ ਦੇ ਵਿੱਚ ਇਹੋ ਜਿਹਾ ਸਮਾਂ ਕਦੇ ਵੀ ਨਹੀਂ ਆਇਆ ਕਿ ਮਨੁੱਖ ਨੇ ਇਕ ਦੂਜੇ ਤੋਂ ਪਾਸਾ ਵੱਟਿਆ ਹੋਵੇ। ਹੁਣ ਜਦੋਂ ਕੋਈ ਕਿਸੇ ਵੀ ਬੀਮਾਰੀ ਦੇ ਨਾਲ ਬੀਮਾਰ ਹੁੰਦਾ ਹੈ ਤੇ ਉਸਨੂੰ ਕਰੋਨਾ ਦੇ ਨਾਲ ਜੋੜ ਦਿੱਤਾ ਜਾਂਦਾ ਸੀ। ਸੰਸਾਰ ਦੇ ਅੰਦਰ ਇਹ ਡਰ ਫੈਲਾਇਆ ਗਿਆ ਹੈ। ਹੁਣ ਹਾਕਮ ਡਰ ਦੀ ਖੇਤੀ ਕਰਦਾ ਹੈ। ਇਹ ਡਰ ਦੀ ਫਸਲ ਮਨੁੱਖ ਦੇ ਮਨ ਅੰਦਰ ਬੀਜ ਦਿੱਤੀ ਹੈ। ਇਸ ਡਰ ਨੇ ਉਸਨੂੰ ਸ਼ਕਤੀਹੀਣ ਕਰ ਦਿੱਤਾ। ਇਸ ਡਰ ਨੇ ਉਸਨੂੰ ਵਹਿਮੀ ਬਣਾਇਆ ਹੈ ਤੇ ਉਹ ਬੇਚੈਨ ਹੋ ਗਿਆ ਹੈ।

ਇਸ ਡਰ ਨੇ ਅੰਦਰਲੀ ਸ਼ਕਤੀ ਦੀ ਖਤਮ ਕਰ ਦਿੱਤੀ ਇਸਦੇ ਖਤਮ ਹੋਣ ਦਾ ਨਤੀਜਾ ਹੈ ਕਿ ਪੜ੍ਹਿਆ ਲਿਖਿਆ ਤੇ ਮੱਧ ਵਰਗੀ ਸਮਾਜ ਇਸ ਵਹਿਮ ਦਾ ਸਭ ਤੋਂ ਵੱਧ ਸ਼ਿਕਾਰ ਹੋ ਹੋਇਆ ਹੈ।ਮਨੁੱਖ ਬੀਮਾਰੀ ਨਾਲ ਨਹੀ ਡਰ ਨਾਲ ਮਰਿਆ ਹੈ। ਸਮਾਜਿਕ ਢਾਂਚੇ ਨੇ ਸਾਡੇ ਆਲੇ ਦੁਆਲੇ ਅਜਿਹਾ ਵਾਤਾਵਰਣ ਸਿਰਜ ਦਿੱਤਾ ਹੈ ਕਿ ਸਾਨੂੰ ਜ਼ਿੰਦਗੀ ਨਹੀਂ ਸਗੋਂ ਮੌਤ ਨਜ਼ਰ ਆ ਰਹੀ ਹੈ। ਮਰਨਾ ਇਕ ਵਰਤਾਰਾ ਹੈ ਤੇ ਜੀਵਨ ਦਾ ਚੱਕਰ ਹੈ।

ਹੁਣ ਗਿਆਨਹੀਣ ਮਨੁੱਖਾਂ ਦੇ ਕਤਲ ਹੋ ਰਹੇ ਹਨ ਪਰ ਕਾਤਲ ਦੇ ਉਪਰ ਕੋਈ ਕੇਸ ਦਰਜ ਨਹੀਂ ਹੁੰਦਾ।ਸਾਡਾ ਸਮਾਜਕ ਢਾਂਚਾ ਬੁਰੀ ਤਰ੍ਹਾਂ ਗਲ ਸੜ ਗਿਆ। ਗਲਿਆ ਸੜਿਆ ਮਨੁੱਖ ਬੁਦਬੂ ਫੈਲਾ ਰਿਹਾ ਹੈ। ਪੰਜਾਬ ਨੂੰ ਫੇਰ ਬਲਦੀ ਬੂਥੇ ਦੇਣ ਲਈ ਸਾਜ਼ਿਸ਼ ਸ਼ੁਰੂ ਹੋ ਗਈ ਹੈ।ਪੰਜਾਬ ਨੂੰ ਖਤਮ ਦੀ ਮੋੜੀ ਬਾਬਰਕਿਆਂ ਨੇ ਗੱਡੀ ਸੀ। ਨਾਗਪੁਰੀ ਸਾਧੂਆਂ ਨੇ ਪੰਜਾਬ ਨੂੰ ਆਪਸ ਵਿੱਚ ਹੀ ਲੜਾ ਦਿੱਤਾ ਹੈ। ਹੁਣ ਦੁਸ਼ਮਣ ਨਾਲ ਨਹੀਂ ਆਪਸ ਵਿੱਚ ਲੜਾਈ ਹੋਣ ਲੱਗੀ ਹੈ। ਭਰਾ ਮਾਰੂ ਜੰਗ ਚੱਲ ਪਈ ਹੈ। ਸਿਆਸੀ ਆਗੂ ਸਿਆਸੀ ਖੇਤੀ ਲਈ ਇਲਾਕੇ ਲੱਭ ਰਹੇ ਹਨ। ਭਰਾਵਾਂ ਵਿੱਚ ਜੰਗ ਹੋ ਰਹੀ ਹੈ.ਤੇ ਇਕ ਦੂਜੇ ਪੋਤੜੇ ਫੋਲ ਰਹੇ ਹਨ। ਲੋਕ ਤਮਾਸ਼ਾ ਦੇਖ ਰਹੇ ਹਨ...! ਪੰਜਾਬ ਆਪਣੀ ਹੋਣੀ ਆਪ ਮਰ ਰਿਹਾ ਹੈ। ਪੰਜਾਬ ਨੂੰ ਵੱਖ ਵੱਖ ਖਿਤਾਬ ਦੇ ਕੇ ਪਹਿਲਾਂ ਵਰਤਿਆ ਤੇ ਫੇਰ ਬੇ-ਅਰਥ ਬਦਨਾਮ ਕੀਤਾ। ਕਦੇ ਨਕਸਲਬਾੜੀ, ਕਦੇ ਖਾੜਕੂ ਤੇ ਕਦੇ ਨਸ਼ੇੜੀ ਆਖਿਆ । ਹਰ ਵਾਰ ਖੇਡ ਦਾ ਨਾਮ ਬਦਲਿਆ ਗਿਆ ਸ਼ਿਕਾਰ ਤਾਂ ਪੰਜਾਬ ਦੀ ਜਵਾਨੀ ਦਾ ਕੀਤਾ ਗਿਆ ! ਪੰਜਾਬ ਨੂੰ ਕਦੇ ਦੇਸ਼ ਭਗਤ,ਕਦੇ ਅੰਨਦਾਤਾ ਕਹਿ ਕੇ ਵਰਤਿਆ। ਜਦ ਕਦੇ ਪੰਜਾਬ ਨੇ ਹੱਕਾਂ ਦੀ ਗੱਲ ਤੋਰੀ ਤਾਂ ਨਕਸਲਬਾੜੀ, ਅੱਤਵਾਦੀ, ਖਾਲਿਸਤਾਨੀ, ਨਸ਼ੇੜੀ ਤੇ ਗੈਂਗਸਟਰ ਕਹਿ ਖਤਮ ਕਰਨ ਲਈ ਅਮਨ ਕਾਨੂੰਨ ਦਾ ਨਾਮ ਵਰਤ ਕੇ ਮੁਕਾਬਲੇ ਬਣਾ ਕੇ ਖਤਮ ਕੀਤਾ । ਪੰਜਾਬ ਨੂੰ ਆਰਥਿਕ ਤੌਰ ਉਜਾੜ ਦਿੱਤਾ ਹੈ। ਪੰਜਾਬ ਦੇ ਲੋਕਾਂ ਦਾ ਭਵਿੱਖ ਖਤਮ ਕਰ ਦਿੱਤਾ ਤੇ ਪੰਜਾਬ ਵਿਦੇਸ਼ਾਂ ਵੱਲ ਨੂੰ ਦੌੜ ਰਿਹਾ ਤੇ ਪੰਜਾਬ ਵਿੱਚ ਬਾਹਰਲੇ ਸੂਬਿਆਂ ਦੇ ਲੋਕ ਹੜ੍ਹ ਬਣ ਆ ਰਹੇ ਹਨ। ਪੰਜਾਬੀ ਕਿਤੇ ਬਾਹਰਲੇ ਸੂਬੇ ਇੰਚ ਜ਼ਮੀਨ ਨਹੀਂ ਖਰੀਦ ਸਕਦਾ। ਪੰਜਾਬ ਵਿੱਚ ਸਭ ਸੂਬਿਆਂ ਦੇ ਲੋਕ ਜ਼ਮੀਨਾਂ ਖਰੀਦ ਰਹੇ ਹਨ। ਪੰਜਾਬ ਦੇ ਲੋਕ ਚੁੱਪ ਹਨ। ਇਸ ਸਮੇਂ ਪੰਜਾਬ ਦੇ ਲੋਕਾਂ ਅੰਦਰ ਇਹ ਮੌਤ ਦਾ ਡਰ, ਗਿਆਨਹੀਣ, ਭਵਿੱਖਹੀਣ, ਜੜ੍ਹਹੀਣ, ਰੁਜ਼ਗਾਰਹੀਣ, ਦਿਸ਼ਾਹੀਣ ਹੋ ਗਿਆ ਹੈ। ਵਿਦਵਾਨ, ਲੇਖਕ ਤੇ ਸਿੱਖਿਆ ਸ਼ਾਸਤਰੀ ਚੁੱਪ ਹਨ ਪਰ ਪੰਜਾਬ ਬਲ ਰਿਹਾ ਹੈ। ਕੁੱਝ ਕੁ ਚੇਤਨਾ ਲੋਕ ਜਾਗਦੇ ਹਨ ਤੇ ਇਸ ਸਾਜਿਸ਼ ਵਿਰੁੱਧ ਲੜ ਰਹੇ ਹਨ। ਬਾਕੀ ਦੇ ਤਾਂ ਹੜ੍ਹ ਆਉਣ ਵਾਂਗੂੰ ਸਮਾਨ ਸੰਭਾਲ ਰਹੇ ਹਨ। ਬਹੁਗਿਣਤੀ ਵਿਦੇਸ਼ਾਂ ਨੂੰ ਭੱਜ ਰਹੇ ਹਨ। ਪੰਜਾਬੀਓ ਬਚ ਜੋ ਸੰਭਲ ਜਾਵੋ, ਤੁਹਾਡੀ ਹੁਣ ਨਸਲ ਖਤਮ ਹੋ ਜਾਣੀ ਜੇ ਪੰਜਾਬ ਨੂੰ ਨਾ ਸੰਭਾਲਿਆ ਮੈਦਾਨ ਛੱਡ ਕੇ ਇਕ ਮਹਾਂ ਸਿੰਘ ਭੱਜਿਆ ਸੀ। ਤੁਸੀਂ ਤਾਂ ਸਾਰੇ ਹੀ ਪੰਜਾਬ ਨੂੰ ਬੇਦਾਵਾ ਦੇ ਕੇ ਦੌੜ ਰਹੇ ਹੋ। ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਡਰ ਦਾ ਬੀਜਿਆ ਗਿਆ ਹੈ। ਇਸੇ ਕਰਕੇ ਲੋਕ ਵਿਦੇਸ਼ਾਂ ਵਲ ਦੌੜ ਰਹੇ ਹਨ । ਇਹ ਡਰ ਤੇ ਅਣਸੁਰਖਿਆ ਦੀ ਭਾਵਨਾ ਜਦੋਂ ਤੱਕ ਖਤਮ ਨਹੀਂ ਹੁੰਦੀ ਉਂਦੋ ਤੱਕ ਨਵਾਂ ਕੁੱਝ ਉਗਣਾ ਨਹੀਂ, ਅਸੀਂ ਬੀਜਿਆ ਹੀ ਵੱਢ ਰਹੇ ਹਾਂ। ਪੰਜਾਬ ਨੂੰ ਜੇ ਬਚਾਉਣਾ ਹੈ ਤਾਂ ਜਾਤਪਾਤ ਤੇ ਊਚ ਨੀਚ ਦੇ ਧੌਣ ਵਿੱਚ ਫਸੇ ਸਰੀਏ ਕੱਢ ਲਵੋ, ਨਹੀਂ ਦੁਸ਼ਮਣ ਨੇ ਤੁਹਾਨੂੰ ਪੰਜਾਬ ਵਿੱਚੋ ਕੱਢ ਦੇਣਾ। ਤੁਹਾਡੇ ਹੰਕਾਰ ਨੇ ਹੀ ਤੁਹਾਡੀ ਹੋਣੀ ਬਨਣਾ ਹੈ। ਜਦ ਤੱਕ ਤੁਸੀਂ ਜਾਤ ਵਿੱਚ ਫਸੇ ਰਹੋਗੇ ਤੇ ਉਦੋਂ ਤੱਕ ਜਮਾਤ ਦੀ ਲੜ੍ਹਾਈ ਨਹੀਂ ਜਿੱਤੀ ਜਾ ਸਕਦੀ। ਇਸ ਸਮੇ ਹੁਣ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨ ਦੀ ਲੋੜ ਹੈ। ਹੁਣ ਮੁਹੱਬਤ ਦੀ ਮੋਹ ਪਿਆਰ ਤੇ ਬਰਾਬਰਤਾ ਦੀ ਫਸਲ ਬੀਜਣੀ ਪਵੇਗੀ ਤਾਂ ਹੀ ਮਹੌਲ ਦਰੁਸਤ ਹੋਵੇਗਾ....! ਇਹ ਜੰਗ ਪੰਜਾਬ ਦੇ ਵਿੱਚ ਹੀ ਕਿਉਂ ਲੜੀ ਜਾ ਰਹੀ ਹੈ। ਗੁਜਰਾਤ ਤੋਂ ਵਪਾਰ ਕੀਤਾ ਜਾ ਰਿਹਾ ਹੈ। ਇਹ ਲੁੱਟ ਤੇ ਉਜਾੜੇ ਦੀ ਖੇਡ ਨੂੰ ਸਮਝਣ ਦੀ ਲੋੜ ਹੈ। ਇਸ ਸਮੇਂ ਸੁਚੇਤ ਤੇ ਜਾਗਦੇ ਲੋਕਾਂ ਨੂੰ ਸਿਰ ਜੋੜ ਕੇ ਵਿਚਾਰਨ ਦੀ ਲੋੜ ਹੈ। ਹੁਣ ਧਰਮ, ਜਾਤ ਪਾਤ ਦਾ ਮਸਲਾ ਨਹੀਂ ਹੈ। ਹੁਣ ਆਪਣੀ ਹੋਂਦ ਬਚਾਉਣ ਦੀ ਲੋੜ ਹੈ।

ਆਓ ! ਊਚ ਨੀਚ ਤੇ ਨਫਰਤ ਦੀ ਫਸਲ ਨੂੰ ਵੱਢ ਕੇ ਮੁਹੱਬਤ ਤੇ ਸਾਂਝ ਦੀ ਫਸਲ ਬੀਜੀਏ! ਧਰਮ ਤੇ ਜਾਤਾਂ ਵਿੱਚੋਂ ਨਿਕਲ ਕੇ ਜਮਾਤੀ ਬਣੀਏ। ਜਮਾਤ ਨੂੰ ਜਮਹੂਰੀ ਅਧਿਕਾਰ ਤੇ ਹੱਕਾਂ ਲਈ ਲੜਨ ਵਾਸਤੇ ਜੁੜੀਏ ਤੇ ਤੁਰੀਏ । ਮਨੁੱਖਤਾ ਨੂੰ ਬਚਾਉਣ ਲਈ ਇਕ ਦੂਜੇ ਦਾ ਸਤਿਕਾਰ ਕਰੀਏ !



ਬੁੱਧ ਸਿੰਘ ਨੀਲੋਂ
9464370823

# ਸਾਹਿਤ ਸਮਾਜ

## ''ਜੰਗ ਟਲਤੀ ਰਹੇ ਤੋ ਬੇਹਤਰ ਹੈ''

ਖ਼ੂਨ ਅਪਨਾ ਹੋ ਯਾ ਪਰਾਯਾ
ਨਸਲੇ ਆਦਮ ਕਾ ਖ਼ੂਨ ਹੈ ਆਖਿਰ
ਜੰਗ ਮ.ਗਰਿਬ ਮੇਂ ਹੋ ਕਿ ਮਸ਼ਰਿਕ ਮੇਂ
ਅਮਨੇ ਆਲਮ ਕਾ ਖ਼ੂਨ ਹੈ ਆਖਿਰ
ਇਸਲੀਏ ਐ ਸ਼ਰੀਫ਼ ਇੰਸਾਨੋਂ
ਜੰਗ ਟਲਤੀ ਰਹੇ ਤੋ ਬੇਹਤਰ ਹੈ
ਆਪ ਔਰ ਹਮ ਸਭੀ ਕੇ ਆਂਗਨ ਮੇਂ
ਸ਼ਮਾ ਜਲਤੀ ਰਹੇ ਤੋ ਬੇਹਤਰ ਹੈ।

ਪਿਛਲੇ ਦਿਨੀਂ ਸ੍ਰੀ ਨਗਰ ਦੇ ਪੈਹਲਗਾਮ ਵਿੱਚ ਦਹਿਸ਼ਤ ਗਰਦਾਂ ਵਲੋਂ 27 ਦੇ ਕਰੀਬ ਨਿਰਦੋਸ਼ ਸੈਲਾਨੀਆਂ ਦੀ ਹੱਤਿਆ ਤੋਂ ਬਾਅਦ ਭਾਰਤ ਪਾਕਿ ਵਿਚਾਲੇ ਤਣਾਅ ਦਾ ਮਾਹੌਲ ਬਣਿਆ ਹੋਇਆ ਹੈ ਪੂਰੀ ਦੁਨੀਆਂ ਨੇ ਇਸ ਦੀ ਨਿਖੇਧੀ ਕੀਤੀ ਹੈ ਨਿਖੇਧੀ ਕਰਨੀ ਵੀ ਬਣਦੀ ਹੈ ਕਿਉਂਕਿ ਇਸ ਤਰ੍ਹਾਂ ਨਾਲ ਨਿਰਦੋਸ਼ ਲੋਕਾਂ ਨੂੰ ਮਾਰਨਾਂ ਕਦਾਚਿੱਤ ਵੀ ਸਹੀ ਨਹੀਂ। ਹੁਣ ਸਵਾਲ ਇਹ ਉਠਦਾ ਹੈ ਕਿ ਕਿ ਭਾਰਤ ਪਾਕਿ ਦੇ ਮਾੜੇ ਸਬੰਧਾਂ ਦਾ ਅਸਰ ਕਿਸ ਤੇ ਪਵੇਗਾ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਪਾਕਿਸਤਾਨ ਨਾਲ ਜੰਗ ਸ਼ੁਰੂ ਕਰਨੀ ਚਾਹੀਦੀ ਹੈ ਪਰ ਬੁਧੀਜੀਵੀਆਂ ਦਾ ਮੰਨਣਾ ਹੈ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਕਸ਼ਮੀਰ ਦੇ ਮਸਲੇ ਨੂੰ ਗੱਲਬਾਤ ਰਾਹੀਂ ਵੀ ਸੁਲਝਾਇਆ ਜਾ ਸਕਦਾ ਹੈ। ਬੁਧੀਜੀਵੀਆਂ ਦਾ ਮੰਨਣਾ ਹੈ ਕਿ ਅੱਜ ਤੱਕ ਜੰਗ ਦਾ ਕਿਸੇ ਵੀ ਦੇਸ਼ ਨੂੰ ਫਾਇਦਾ ਨਹੀਂ ਹੋਇਆ ਉਲਟਾ ਉਹ ਦੇਸ਼ ਕਈ ਸਾਲ ਪਿੱਛੇ ਚਲੇ ਗਏ। ਜੰਗ ਭਾਵੇਂ ਦੇਸ਼ ਦੇ ਅੰਦਰੂਨੀ ਹੋਵੇ ਜਾਂ ਬਾਹਰੀ ਇਸਦਾ ਅੰਤ ਹਮੇਸ਼ਾ ਹੀ ਮਾੜਾ ਹੋਇਆ ਹੈ ਜੇਕਰ ਵਿਸ਼ਵ ਯੁੱਧ ਦੀ ਗੱਲ ਕਰੀਏ ਤਾਂ ਪਹਿਲਾ ਵਿਸ਼ਵ ਯੁੱਧ 1914 ਤੋਂ 1918 ਤੱਕ ਚੱਲਿਆ। ਇਸ ਜੰਗ ਵਿੱਚ ਸੰਸਾਰ ਦੇ ਤਕਰੀਬਨ ਸਾਰੇ ਵੱਡੇ ਦੇਸ਼ ਸ਼ਾਮਲ ਸਨ। ਇਸ ਦੇ ਵਿੱਚ ਦੋ ਫੌਜੀ ਗੁੱਟ ਬਣ ਗਏ ਸਨ ਜਿਸ ਵਿੱਚ ਲਗ-ਭਗ 7 ਕਰੋੜ ਫੌਜ ਦੇ ਸਿਪਾਹੀ ਲਾਮਬੰਦ ਕੀਤੇ ਗਏ ਅਤੇ ਇਹ ਦੁਨੀਆਂ ਦੇ ਸਭ ਤੋਂ ਵੱਡੇ ਯੁੱਧਾਂ ਵਿੱਚੋ ਇੱਕ ਸੀ। ਇਸ ਯੁੱਧ ਵਿੱਚ ਤਕਰੀਬਨ ਇੱਕ ਕਰੋੜ ਤੋਂ ਵੱਧ ਬੱਚੇ ,ਨੌਜਵਾਨ ਅਤੇ ਔਰਤਾਂ ਸਮੇਤ ਕਈ ਲੋਕ ਮਾਰੇ ਗਏ। ਸੰਸਾਰ-ਪੱਧਰ ਦੀ ਦੂਜੀ ਜੰਗ ਜੋ ਕਿ 1939 ਤੋਂ ਲੈਕੇ 1945 ਤੱਕ ਮਨੁੱਖੀ ਇਤਹਾਸ ਦੀ ਸਭ ਤੋਂ ਖ਼ੂਨੀ ਜੰਗ ਸਾਬਿਤ ਹੋਈ। ਇਸ ਦੂਜੇ ਵਿਸ਼ਵ ਯੁੱਧ ਵਿੱਚ 5 ਤੋਂ 7 ਕਰੋੜ ਮਨੁੱਖੀ ਜਾਨਾਂ ਗਈਆਂ। 6 ਅਗਸਤ 1945 ਨੂੰ ਅਮਰੀਕਾ ਨੇ ਗਨ ਕਿਸਮ ਦਾ ਯੂਰੇਨੀਅਮ ਪ੍ਰਮਾਣੂ ਬੰਬ (ਲਿਟਲ ਬੁਆਏ) ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰ ਤੇ' ਸੁੱਟਕੇ “ਤਬਾਹੀ ਦਾ ਅਜਿਹਾ ਮੀਂਹ ਬਰਸਿਆ ਸ਼ਾਇਦ ਇਸ ਧਰਤੀ ਨੇ ਪਹਿਲਾਂ ਕਦੇ ਨਹੀਂ ਦੇਖਿਆ ਹੋਣਾ ਤਕਰੀਬਨ ਹਮਲੇ ਤੋਂ ਦੋ ਤੋਂ ਤਿੰਨ ਘੰਟਿਆਂ ਬਾਅਦ ਹੀ ਪ੍ਰਮਾਣੂ ਬੰਬਾਰੀ ਦੇ ਗੰਭੀਰ ਪ੍ਰਭਾਵਾਂ ਕਾਰਨ ਹਿਰੋਸੀਮਾਂ ਵਿੱਚ 146000 ਅਤੇ ਨਾਗਾਸਾਕੀ ਵਿਚ ਤਕਰੀਬਨ 80,000 ਲੋਕ ਮਾਰੇ ਗਏ, ਇਥੇ ਹੀ ਬਸ ਨਹੀਂ ਇਨਾਂ ਸ਼ਹਿਰਾਂ ਨੂੰ ਹੁਣ ਤੱਕ ਇਸ ਪ੍ਰਮਾਣੂ ਬੰਬ ਦੇ ਪ੍ਰਭਾਵ ਤੋਂ ਮੁਕਤੀ ਨਹੀਂ ਮਿਲ ਸਕੀ ਅਜੇ ਵੀ ਇਥੋਂ ਦੀ ਧਰਤੀ ਅਤੇ ਵਾਤਾਵਰਨ ਮਨੁੱਖੀ ਅਤੇ ਫ਼ਸਲੀ ਪੈਦਾਇਸ਼ ਦੇ ਯੋਗ ਨਹੀਂ ਬਣ ਸਕਿਆ। ਬੇਸ਼ੱਕ ਬਹੁਤ ਸਾਰੇ ਦੇਸ਼ ਜੰਗ ਦੇ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਹੋ ਚੁੱਕੇ ਹਨ ਅਤੇ ਅਮਨ ਸ਼ਾਂਤੀ ਚਹੁੰਦੇ ਹਨ ਪਰ ਫਿਰ ਵੀ ਬਹੁਤ ਸਾਰੇ ਦੇਸ਼ ਅਜੇ ਵੀ ਜੰਗ ਦੀ ਬਰਬਾਦੀ ਤੋਂ ਬਾਹਰ ਨਹੀਂ ਨਿਕਲ ਸਕੇ ਹੁਣ ਵੀ ਤਕਰੀਬਨ 2 ਸਾਲਾਂ ਤੋਂ ਜਾਰੀ ਰੂਸ-ਯੂਕ੍ਰੇਨ ਯੁੱਧ ਵਿਚ ਵੱਡੀ ਗਿਣਤੀ ’ਚ ਦੋਵਾਂ ਧਿਰਾਂ ਦੇ ਲੋਕ ਮਾਰੇ ਜਾ ਰਹੇ ਹਨ। ਇਸੇ ਤਰ੍ਹਾਂ ਤੁਰਕੀ ਅਤੇ ਉੱਤਰੀ ਸੀਰੀਆ ਦੀ ਜੰਗ ਵਿੱਚ ਸੈਂਕੜੇ ਨਿਰਦੋਸ਼ ਲੋਕ ਮਾਰੇ ਜਾ ਚੁੱਕੇ ਹਨ  ਫਿਲਿਸਤੀਨ ਅਤੇ ਇਜ਼ਰਾਈਲ ਦਰਮਿਆਨ ਭਿਆਨਕ ਯੁੱਧ ਛਿੜ ਗਿਆ ਹੈ। ਭਾਰਤ ਅਤੇ ਪਾਕਿਸਤਾਨ ਦੀ ਲੁਕਵੀਂ ਜੰਗ ਵਿੱਚ ਸੈਂਕੜੇ ਲੋਕ ਮਾਰੇ ਜਾ ਚੁਕੇ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੀ ਕੁਝ ਸਿਆਣੇ ਮੁਲਕਾ ਅਤੇ ਲੋਕਾਂ ਦੀ ਵਿਸ਼ਵ ਸ਼ਾਂਤੀ ਲਈ ਕੋਸ਼ਿਸ਼ ਦੇ ਚਲਦਿਆਂ ਵਿਸ਼ਵ ਸ਼ਾਂਤੀ ਬਣਾਈ ਰੱਖਣ ਲਈ ਸੰਯੁਕਤ ਰਾਸ਼ਟਰ ਨੇ 1981 ਵਿੱਚ ਵਿਸ਼ਵ ਸ਼ਾਂਤੀ ਦਿਵਸ ਮਨਾਉਣ ਦਾ ਐਲਾਨ ਕੀਤਾ। ਜਿਸ ਤੋਂ ਬਾਅਦ ਦੁਨੀਆਂ ਵਿੱਚ 1982 ਵਿੱਚ ਪਹਿਲੀ ਵਾਰ ਵਿਸ਼ਵ ਸ਼ਾਂਤੀ ਦਿਵਸ ਮਨਾਇਆ ਗਿਆ ।ਬਹੁਤੇ ਲੋਕਾਂ ਲਈ, ਲੜਾਈ ਇੱਕ ਰੋਜ਼ਾਨਾ ਦੀ ਹਕੀਕਤ ਹੈ ਅਤੇ ਇਸ ਲਈ ਸ਼ਾਂਤੀ ਦਾ ਅਨਮੋਲ ਤੋਹਫ਼ਾ ਕਈ ਵਾਰ ਧਿਆਨ ਵਿੱਚ ਨਹੀਂ ਆਉਂਦਾ। ਜੇਕਰ ਸ਼ਾਂਤੀ ਹੈ ਤਾਂ ਸਾਡੀਆਂ ਗਲੀਆਂ ਸੁਰੱਖਿਅਤ ਹਨ, ਅਤੇ ਸਾਡੇ ਬੱਚੇ ਸਕੂਲ ਜਾ ਸਕਦੇ ਹਨ ਅਤੇ ਸਾਡਾ ਜੀਵਨ ਖ਼ੁਸ਼ਹਾਲ ਹੋ ਸਕਦਾ ਹੈ ਹਾਲਾਂਕਿ, ਦੁਨੀਆ ਦੇ ਕੁਝ ਹਿੱਸਿਆਂ ਵਿੱਚ ਇਹ ਦ੍ਰਿਸ਼ ਵੱਖਰਾ ਹੈ ਜਿਥੇ ਹਰ ਸਾਲ ਜੰਗਾਂ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ ਸੈਂਕੜੇ ਹੀ ਜਾਨਾਂ ਜਾ ਰਹੀਆਂ ਹਨ। ਹਰੇਕ ਫੌਜੀ ਸੰਘਰਸ਼ ਦੇ ਨਾਲ, ਮਨੁੱਖਤਾ ਇੱਕ ਮਹੱਤਵਪੂਰਨ ਕਦਮ ਪਿੱਛੇ ਵੱਲ ਲੈ ਜਾਂਦੀ ਹੈ, ਕਿਉਂਕਿ ਬਹੁਤ ਸਾਰੀਆਂ ਚੀਜ਼ਾਂ ਨੂੰ ਅੱਗੇ ਜਾਣ ਦੀ ਬਜਾਏ ਮੁੜ ਪ੍ਰਾਪਤ ਕਰਨਾ ਹੁੰਦਾ ਹੈ। ਅੱਜ ਵਿਸ਼ਵਵਿਆਪੀ ਸਮਾਜ ਉਨ੍ਹਾਂ ਢਾਂਚਿਆਂ ਨੂੰ ਖਤਮ ਕਰਨ ਲਈ ਕੰਮ ਕਰ ਸਕਦਾ ਹੈ ਜੋ ਸਾਡੇ ਵਿਚਕਾਰ ਨਸਲਵਾਦ, ਜਾਤੀਵਾਦ, ਧਾਰਮਿਕ ਫਿਰਕੂ ਨਫ਼ਰਤ ਨੂੰ ਫੈਲਾਉਂਦੇ ਹਨ। ਅੱਜ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਲਈ ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਉੱਠ ਰਹੀਆਂ ਲਹਿਰਾਂ ਅਤੇ ਆਵਾਜ਼ਾਂ ਦਾ ਸਮਰਥਨ ਕਰਨ ਦੀ ਲੋੜ ਹੈ। ਲੋਕਤੰਤਰੀ ਵਿਕੇਂਦਰੀਕਰਨ ਦੇ ਇਸ ਦੌਰ ਵਿੱਚ ਅਸੀਂ ਸਿੱਖਿਆ ਅਤੇ ਬਹਾਲ ਨਿਆਂ ਰਾਹੀਂ ਮਨੁੱਖੀ ਨਫ਼ਰਤ ਵਿਰੋਧੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰ ਸਕਦੇ ਹਾ। ਜਿਵੇਂ ਕਿ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਕਿਹਾ ਸੀ ਕਿ: "ਨਸਲਵਾਦ, ਜਾਤੀਵਾਦ, ਧਾਰਮਿਕ ਫਿਰਕੂਵਾਦ ਹਰ ਸਮਾਜ ਵਿੱਚ ਸੰਸਥਾਵਾਂ, ਸਮਾਜਿਕ ਢਾਂਚੇ ਅਤੇ ਰੋਜ਼ਾਨਾ ਜੀਵਨ ਨੂੰ ਜ਼ਹਿਰ ਦਿੰਦਾ ਰਹਿੰਦਾ ਹੈ। ਇਹ ਅਸਮਾਨਤਾ ਨੂੰ ਅੱਗੇ ਵਧਾਉਂਦਾ ਰਹਿੰਦਾ ਹੈ। ਇਹ ਲੋਕਾਂ ਨੂੰ ਉਹਨਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਕਰਦਾ ਰਹਿੰਦਾ ਹੈ। ਇਹ ਸਮਾਜਾਂ ਨੂੰ ਅਸਥਿਰ ਕਰਦਾ ਹੈ, ਲੋਕਤੰਤਰ ਨੂੰ ਕਮਜ਼ੋਰ ਕਰਦਾ ਹੈ, ਅਤੇ ਸਰਕਾਰਾਂ ਨੂੰ ਤਬਾਹ ਕਰ ਦਿੰਦਾ ਹੈ। ਲੰਬੇ ਬਸਤੀਵਾਦੀ ਯੁੱਗ ਤੋਂ ਆਪਣੇ ਆਪ ਨੂੰ ਮੁਕਤ ਕਰ ਚੁੱਕੀ ਦੁਨੀਆਂ ਅੱਜ ਵੀ ਸਾਮਰਾਜਵਾਦ, ਮੰਡੀ ਵਾਦ ਅਤੇ ਖਪਤਵਾਦ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ, ਜਿਸ ਨੇ ਡੂੰਘੇ ਅਸੰਤੋਸ਼ ਨੂੰ ਜਨਮ ਦਿੱਤਾ ਹੈ। ਹਥਿਆਰਾਂ ਦੀ ਦੌੜ ਨੇ ਹੁਣ ਪੂਰੀ ਦੁਨੀਆ ਨੂੰ ਬਾਰੂਦ ਦੇ ਘਰ ਵਿੱਚ ਬਦਲ ਦਿੱਤਾ ਹੈ। ਹਥਿਆਰਾਂ ਦੇ ਨਿਰਮਾਣ ਨੇ ਹੁਣ ਇਕ ਉਦਯੋਗ ਦਾ ਰੂਪ ਲੈ ਲਿਆ ਹੈ ਜਿਸ ਦਾ ਉਦੇਸ਼ ਆਲਮੀ ਤਣਾਅ ਪੈਦਾ ਕਰਕੇ ਹਥਿਆਰ ਵੇਚਣਾ ਹੈ। ਰੂਸ-ਯੂਕਰੇਨ ਯੁੱਧ ਸਮਕਾਲੀ ਸੰਸਾਰ ਦੀ ਇੱਕ ਨੰਗੀ ਹਕੀਕਤ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਦੇ ਨਾਲ, ਅਸੀਂ ਅਜੇ ਵੀ ਯੁੱਧਾਂ ਵਿੱਚ ਉਲਝੇ ਹੋਏ ਹਾਂ। ਜੰਗ ਅਤੇ ਅੰਦਰੂਨੀ ਫੁੱਟ ਕਾਰਨ ਪਰਵਾਸ ਦੀ ਸਮੱਸਿਆ ਪੈਦਾ ਹੋ ਰਹੀ ਹੈ, ਜਿਸ ਕਾਰਨ ਸ਼ਰਨਾਰਥੀ ਸਮੱਸਿਆ ਪੂਰੀ ਦੁਨੀਆ ਲਈ ਵੱਡੀ ਚੁਣੌਤੀ ਸਾਬਤ ਹੋ ਰਹੀ ਹੈ। ਵਿਸ਼ਵ ਸ਼ਾਂਤੀ ਲਈ ਹੁਣ ਤੱਕ ਅਣਗਿਣਤ ਉਪਾਅ ਕੀਤੇ ਗਏ ਹਨ। ਨਿਸ਼ਸਤਰੀ ਕਰਨ ਅਤੇ ਹਥਿਆਰ ਨਿਯੰਤਰਣ ਵਰਗੀਆਂ ਧਾਰਨਾਵਾਂ ਯੁੱਧ ਅਤੇ ਹਥਿਆਰਾਂ ਦੀ ਦੌੜ ਦੀਆਂ ਸਥਿਤੀਆਂ ਨੂੰ ਖਤਮ ਕਰਨ ਲਈ ਕੰਮ ਕਰ ਰਹੀਆਂ ਹਨ। ਦੁਨੀਆ ਨੂੰ ਪ੍ਰਮਾਣੂ ਖਤਰਿਆਂ ਤੋਂ ਬਚਾਉਣ ਲਈ, ਫਠਭਠ (1963), 'ਫਠ (1968) ਅਤੇ ਛਠਭਠ (1996) ਵਰਗੀਆਂ ਕਈ ਮਹੱਤਵਪੂਰਨ ਸੰਧੀਆਂ 'ਤੇ ਦਸਤਖਤ ਕੀਤੇ ਗਏ ਹਨ। ਅਸੰਤੁਸ਼ਟੀ ਦੇ ਅਣਗਿਣਤ ਕਾਰਨਾਂ ਨੂੰ ਦੇਖਦੇ ਹੋਏ, ਅਜਿਹਾ ਲਗਦਾ ਹੈ ਕਿ ਸ਼ਾਂਤੀ ਪ੍ਰਾਪਤ ਕਰਨ ਲਈ ਹੁਣ ਹਥਿਆਰ ਰੱਖਣ ਨਾਲੋਂ ਜ਼ਿਆਦਾ ਸਮਝ ਦੀ ਲੋੜ ਹੈ। ਸਯੁੰਕਤ ਰਾਸ਼ਟਰ ਨੂੰ ਜ਼ਮੀਨ ਲਈ ਲੜ ਰਹੇ ਦੇਸ਼ਾਂ ਦੇ ਮਾਮਲੇ ਮਿਲ ਬੈਠ ਕੇ ਸੁਲਝਾਉਣ ਦੀ ਪਹਿਲਕਦਮੀ ਕਰਨੀ ਬਣਦੀ ਹੈ ਤਾਂ ਕਿ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਖ਼ੁਸ਼ਹਾਲ ਬਣਾਉਣ ਦੀ ਉਮੀਦ ਜਗਾਈ ਜਾ ਸਕੇ ਜਿੱਥੇ ਸਾਰੇ ਦੇਸ਼ ਮਹਿਸੂਸ ਕਰਦੇ ਹੋਣ ਕਿ ਉਹ ਤਰੱਕੀ ਕਰ ਸਕਦੇ ਹਨ। ਅੱਜ ਦੁਨੀਆਂ ਦੇ ਸਾਰੇ ਦੇਸ਼ਾਂ ,ਧਰਮਾਂ, ਸੰਪਰਦਾਵਾਂ, ਅਤੇ ਅਧਿਆਤਮਿਕ ਆਸਥਾ ਦੇ ਸਮੂਹਾਂ ਵਿੱਚ ਤਾਲਮੇਲ ਦੀ ਲੋੜ ਹੈ। ਹੁਣ ਲੋੜ ਹੈ ਪਰੰਪਰਾਵਾਂ ਅਤੇ ਸਿਧਾਂਤਾਂ ਦਾ ਸਾਰ ਲੈਕੇ ਸ਼ਾਂਤੀ ਨਾਲ ਸਿਹਤਮੰਦ ਜੀਵਨ ਜਿਊਣ ਦੇ ਢੰਗ-ਤਰੀਕੇ ਵਿਕਸਿਤ ਕਰਨ ਦੀ। ਇਤਿਹਾਸ ਗਵਾਹ ਹੈ ਕਿ ਸ਼ਾਂਤ ਰਹਿਣ ਵਾਲੇ ਦੇਸ਼, ਮਨੁੱਖ ਤਰੱਕੀ ਦੀਆਂ ਸਿਖਰਾਂ ਤੇ ਹਨ ਅਤੇ ਜੰਗ ਵਿੱਚ ਉਲਝੇ ਦੇਸ਼ ਅਤੇ ਲੋਕ ਕਦੇ ਵੀ ਤਰੱਕੀ ਨਹੀਂ ਕਰ ਸਕੇ। ਸ਼ਾਂਤੀ ਹਰ ਮਨੁੱਖ, ਹਰ ਸਮਾਜ ਅਤੇ ਹਰ ਦੇਸ਼ ਲਈ ਵਰਦਾਨ ਸਾਬਿਤ ਹੋ ਰਹੀ ਹੈ। ਭਾਰਤ ਪਾਕਿ ਦਾ ਗੱਲਬਾਤ ਰਾਹੀਂ ਹੋਇਆ ਸਮਝੌਤਾ ਦੋਵਾਂ ਦੇਸ਼ਾਂ ਦੀ ਤਰੱਕੀ ਲਈ ਮੀਲ ਪੱਥਰ ਸਾਬਿਤ ਹੋ ਸਕਦਾ ਹੈ।

ਸਮਾਜ ਵੀਕਲੀ ਨਿਊਜ਼



ਕੁਲਦੀਪ ਸਿੰਘ ਸਾਹਿਲ
9417990040


# ਪੀ ਆਰ ਪੋਲੀਵਰ ਵੱਲੋਂ ਜਿਮਨੀ ਚੋਣ ਲੜਨ ਦੀ ਚਰਚਾ!

## ਪਾਰਟੀ ਦੇ ਹੀ ਇੱਕ ਐਮਪੀ ਵੱਲੋਂ ਆਪਣੀ ਸੀਟ ਛੱਡਣ ਦੀ ਪੇਸ਼ਕਸ਼


**ਵੈਨਕੂਵਰ,ਮਈ (ਮਲਕੀਤ ਸਿੰਘ)-** ਪਿਛਲੇ ਮਹੀਨੇ ਮੁਕੰਮਲ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਚ ਪ੍ਰਮੁੱਖ ਵਿਰੋਧੀ ਪਾਰਟੀ ਕੰਸਰਵੇਟਿਵ ਦੇ ਚੋਣ ਹਾਰ ਚੁੱਕੇ ਆਗੂ ਪੀਆਰ ਪੋਲੀਵਰ ਵੱਲੋਂ ਹੁਣ ਅਲਬਰਟਾ ਦੇ ਰਿਵਰ ਕਲੋਫਟ ਹਲਕੇ ਤੋਂ ਜਿਮਨੀ ਚੋਣ ਲੜਨ ਦੀਆਂ ਕਿਆਸ ਅਰਾਈਆਂ ਦੀ ਸਿਆਸੀ ਚਰਚਾ ਚੱਲ ਰਹੀ ਹੈ

ਪ੍ਰਾਪਤ ਵੇਰਵਿਆ ਮੁਤਾਬਕ ਅਲਬਰਟਾ ਦੇ ਰਿਵਰ ਕਲੋਬਟ ਹਲਕੇ ਤੋਂ ਕੰਸਰਵੇਟਿਵ ਪਾਰਟੀ ਦੇ ਚੋਣ ਜਿੱਤ ਚੁੱਕੇ ਇੱਕ ਐਮਪੀ ਡੀਮੀਅਨ ਕੁਰੇਕ ਵੱਲੋਂ ਆਪਣੀ ਪਾਰਟੀ ਦੇ ਆਗੂ ਪੀਆਰ ਪੋਲੀਵਰ ਨੂੰ ਆਪਣੀ ਸੀਟ ਤੋਂ ਜਿਮਨੀ ਚੋਣ ਲੜਨ ਦੀ ਪੇਸ਼ਕਸ਼ ਕੀਤੀ ਗਈ ਹੈ ਤਾਂ ਜੋ ਪੋਲੀਵਰ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਜਵਾਬਦੇਹ ਬਣਾਉਣ ਲਈ ਪਾਰਲੀਮੈਂਟ ਪਹੁੰਚ ਸਕਣ। ਜ਼ਿਕਰ ਯੋਗ ਹੈ ਕਿ ਰਾਜਧਾਨੀ ਔਟਵਾ ਦੇ ਕਾਰਲਟਨ ਹਲਕੇ ਤੋਂ ਪੀਆਰ ਪੋਲੀਵਰ ਲਿਬਰਲ ਉਮੀਦਵਾਰ ਤੋਂ ਚੋਣ ਹਾਰ ਗਏ ਸਨ।







M TRACK ENTERTAINMENT & MAKHAN LOHAR PRESENTS...
SANJHE REHBAR
SANJHA MISSION
Producer
Rakesh Kumar
Canady
PRESENTS
MAKHAN LOHAR USA
ਸਾਂਝੇ ਰਹਿਬਰ
ਸਾਂਝਾ ਮਿਸ਼ਨ
LYRICS
KHUSVINDER
BILLA UK
Spl. thanks
Spl. thanks
Laddy Rattu
Bootan Mandi
Mrs Kashmir
Sampla UK
SINGER
KAUR
PREET
Ashirwaad: MATA SAVITRI DEVI
Music: B R DIMANA
Video: ROHIT ANGURAL
Post Production: RAVINDER JASSAL
Special Support: BHUVNESH RATTU
VIDEO OUT NOW ON M TRACK ENTERTANMENT
(M) +91 98158-98640 +19166130577 (USA) mtrack www.mtrackentertainment.com
E-mail : info@mtrackentertainment.com

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com